# ਪਾਠ 8 ਲੋਕ ਸਾਹਿੱਤ

## ਪਾਠ ਦੀ ਰੂਪ ਰੇਖਾ


8.0 ਮਨੋਰਥ

8.1 ਭੂਮਿਕਾ

8.2 ਲੋਕ ਸਾਹਿੱਤ
- 8.2.1 ਲੱਛਣ ਤੇ ਵਿਸ਼ੇਸ਼ਤਾ
- 8.2.2 ਮਹੱਤਵ
- 8.2.3 ਰੂਪ

8.3 ਲੋਕ ਗੀਤ

8.4 ਲੋਕ-ਗਾਥਾ
- 8.4.1 ਪ੍ਰੀਤ ਗਾਥਾਵਾਂ
- 8.4.2 ਬੀਰ ਗਾਥਾਵਾਂ
- 8.4.3 ਨੈਤਿਕ ਧਾਰਮਕ ਗਾਥਾਵਾਂ
- 8.4.4 ਇਤਿਹਾਸਿਕ ਗਾਥਾਵਾਂ
- 8.4.5 ਪੁਰਾਣਿਕ ਗਾਥਾਵਾਂ

8.5 ਲੋਕ-ਕਹਾਣੀ
- 8.5.1 ਨੀਤੀ ਕਥਾ
- 8.5.2 ਪੁਰਾਣ ਕਥਾ
- 8.5.3 ਦੰਦ ਕਥਾ
- 8.5.4 ਪਰੀ ਕਥਾ
- 8.5.5 ਪ੍ਰੇਤ ਕਥਾ
- 8.5.6 ਪਸ਼ੂ ਕਥਾ
- 8.5.7 ਬੁਝਾਵਲ ਕਥਾ
- 8.5.8 ਟੋਟਕੇ ਜਾਂ ਹਿਕਾਇਤ

8.6 ਲੋਕ ਨਾਟਕ

8.7 ਅਖਾਣ (ਲਕੋਕਤੀ)

8.8 ਮੁਹਾਵਰੇ

8.9 ਬੁਝਾਰਤਾਂ

8.10 ਸਾਰ

8.11 ਸਹਾਇਕ ਪੁਸਤਕਾਂ

8.12 ਅਭਿਆਸਾਂ ਦੇ ਉੱਤਰ


## 8.0 ਮਨੋਰਥ

ਇਸ ਪਾਠ ਦਾ ਮਨੋਰਥ ਤੁਹਾਨੂੰ ਇਹ ਪਤਾ ਦੇਣਾ ਹੈ ਕਿ :

- ਲੋਕ-ਸਾਹਿੱਤ ਕੀ ਹੁੰਦਾ ਹੈ।
- ਲੋਕ ਸਾਹਿੱਤ ਦੇ ਜ਼ਰੂਰੀ ਪੱਖ ਜਾਂ ਲੱਛਣ ਕਿਹੜੇ-ਕਿਹੜੇ ਹਨ ?
- ਇਸ ਦਾ ਸਾਡੇ ਜੀਵਨ ਤੇ ਸਭਿਆਚਾਰ ਵਿੱਚ ਕੀ ਮਹੱਤਵ ਤੇ ਰੋਲ ਹੈ ?
- ਲੋਕ-ਸਾਹਿੱਤ ਦੇ ਵੱਖ-ਵੱਖ ਰੂਪ ਕਿਹੜੇ ਹਨ ਅਤੇ ਉਨ੍ਹਾਂ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

ਇਸ ਪਾਠ ਨੂੰ ਪੜ੍ਹਨ ਉਪਰੰਤ ਤੁਹਾਡੇ ਅੰਦਰ ਆਪਣੀਆਂ ਮਾਤਾਵਾਂ ਤੇ ਗਲੀ-ਮਹੱਲੇ ਦੀਆਂ ਇਸਤਰੀਆਂ ਪਾਸੋਂ ਲੋਕ-ਗੀਤ ਸੁਣਨ ਤੇ ਲਿਖਣ ਜਾਂ ਰੀਕਾਰਡ ਕਰਨ ਦੀ ਭੁੱਖ ਜਾਗਣੀ ਚਾਹੀਦੀ ਹੈ।

## 8.1 ਭੂਮਿਕਾ

ਲੋਕ-ਸਾਹਿੱਤ ਨੂੰ ਅੱਜ ਕੱਲ ਸਾਰੀ ਦੁਨੀਆਂ ਵਿਚ ਬੜੀ ਭਾਰੀ ਮਹੱਤਾ ਮਿਲ ਰਹੀ ਹੈ। ਅੱਗੇ ਕੋਈ ਵਿਦਵਾਨ ਅਨਪੜ੍ਹ ਲੋਕਾਂ ਵਿੱਚ ਜਿਹੜੇ ਕਈ ਪ੍ਰਕਾਰ ਦੇ ਗੀਤ-ਗਾਣੇ ਜਾਂ ਕਥਾਵਾਂ-ਕਹਾਣੀਆਂ ਪ੍ਰਚਲਿਤ ਸਨ, ਉਨ੍ਹਾਂ ਨੂੰ ਕੋਈ ਧਿਆਨ-ਜੋਗ ਰਚਨਾਵਾਂ ਨਹੀਂ ਸੀ ਸਮਝਦਾ ਪਰ ਹੁਣ ਇਹ ਪੋਤੂ ਰਚਨਾਵਾਂ ਅਣਗੌਲੀਆਂ ਨਹੀਂ ਰਹਿ ਗਈਆਂ। ਇਨ੍ਹਾਂ ਨੂੰ ਖੋਜਣ ਸੰਭਾਲਣ, ਵਿਆਖਿਆਉਣ ਤੇ ਪ੍ਰਚਾਰਨ ਲਈ ਹੁਣ ਕਈ ਯੂਨੀਵਰਸਿਟੀਆਂ ਵਿੱਚ ਵੱਖਰੇ ਮਹਿਕਮੇ ਖੁੱਲ੍ਹ ਚੁੱਕੇ ਹਨ। ਵਿਦਿਆਰਥੀ ਨਵੀਆਂ-ਨਵੀਆਂ ਖੋਜਾਂ ਕਰ ਕੇ ਉੱਚੀਆਂ ਡਿਗਰੀਆਂ ਪ੍ਰਾਪਤ ਕਰਨ ਲਗ ਪਏ ਹਨ। ਇਸੇ ਲਈ ਇਹ ਜ਼ਰੂਰੀ ਸਮਝਿਆ ਗਿਆ ਹੈ ਕਿ ਤੁਹਾਨੂੰ ਸਾਹਿੱਤ ਦੇ ਇਸ ਨਵੇਂ ਖੇਤਰ ਬਾਰੇ ਘੱਟੋ-ਘੱਟ ਮੁੱਢਲੀ ਜਾਣਕਾਰੀ ਜ਼ਰੂਰ ਦੇ ਦਿੱਤੀ ਜਾਵੇ। ਆਸ ਹੈ ਇਸ ਪਾਠ ਦੇ ਅਧਿਐਨ ਉਪਰੰਤ ਤੁਹਾਨੂੰ ਨਾ ਕੇਵਲ ਇਸ ਖੇਤਰ ਬਾਰੇ ਹੀ ਜਾਣਕਾਰੀ ਮਿਲ ਜਾਏਗੀ, ਸਗੋਂ ਤੁਹਾਡੀ ਇਸ ਬਾਰੇ ਹੋਰ ਪੜ੍ਹਨ ਦੀ ਭੁੱਖ ਵੀ ਜਾਗ ਪਵੇਗੀ।

## 8.2 ਲੋਕ ਸਾਹਿੱਤ

ਪੰਜਾਬੀ ਸਾਹਿੱਤ ਦੇ ਵਿਦਿਆਰਥੀ ਹੋਣ ਦੇ ਨਾਤੇ ਤੁਹਾਨੂੰ ਪੰਜਾਬੀ ਦੇ ਲੋਕ-ਸਾਹਿੱਤ ਬਾਰੇ ਜ਼ਰੂਰ ਪਤਾ ਹੋਣਾ ਚਾਹੀਦਾ ਹੈ ਕਿਉਂਕਿ ਇਹ ਪੰਜਾਬੀ ਸਾਹਿੱਤ ਦਾ ਮੁੱਢਲਾ ਤੇ ਪ੍ਰਾਚੀਨ ਰੂਪ ਹੈ, ਜੋ ਸਾਡੇ ਤਕ ਮੂੰਹ-ਦਰ-ਮੂੰਹ ਜ਼ਬਾਨੀ ਰੂਪ ਵਿਚ ਪੁਜਦਾ ਹੈ। ਇਹ ਸਾਡੇ ਜੀਵਨ ਤੇ ਸਾਹਿੱਤ ਦਾ ਅਜੇਹਾ ਮੁੱਲਵਾਨ ਖਜਾਨਾ ਹੈ ਅਤੇ ਸਾਡੇ ਜੀਵਨ ਦੇ ਹਰ ਪਹਿਲੂ ਨਾਲ ਇਸ ਦਾ ਏਨਾ ਨੇੜੇ ਦਾ ਸੰਬੰਧ ਹੈ ਕਿ ਸਾਨੂੰ ਇਸ ਦੀ ਪ੍ਰਕਿਰਤੀ ਤੇ ਵਿਸ਼ੇਸ਼ਤਾ ਬਾਰੇ ਵਾਕਫੀਅਤ ਹੋਣੀ ਬਹੁਤ ਜ਼ਰੂਰੀ ਹੈ।

ਲੋਕ-ਸਾਹਿੱਤ ਦਾ ਭਾਵ ਅਸੀਂ ਇੰਜ ਸਮਝ ਸਕਦੇ ਹਾਂ ਕਿ ਇਹ ਲੋਕਾਂ ਦਾ ਸਾਹਿੱਤ ਹੈ, ਜੋ ਸਾਨੂੰ ਇਕ ਵਿਰਸੇ ਦੇ ਰੂਪ ਵਿਚ ਲੋਕਾਂ ਲਈ, ਲੋਕਾਂ ਦੁਆਰਾ ਰਚਿਆ ਹੋਇਆ ਮਿਲਦਾ ਹੈ। ਇਹ ਮੁੱਖ ਤੌਰ ਤੇ ਮੌਖਿਕ ਤੇ ਪਰੰਪਰਾਗਤ ਰੂਪ ਵਿਚ ਚਲਿਆ ਆਉਂਦਾ ਹੈ। ਏਥੇ 'ਲੋਕਾਂ' ਸ਼ਬਦ ਦੀ ਵਰਤੋਂ ਉਸ ਜਨ ਸਮੂਹ ਲਈ ਕੀਤੀ ਜਾ ਰਹੀ ਹੈ, ਜੋ ਆਮ ਤੌਰ ਤੇ ਸਭਿਅ ਪ੍ਰਭਾਵਾਂ ਤੋਂ ਬਾਹਰ ਆਪਣੀ ਪੁਰਾਤਨ ਤੇ ਪਰੰਪਰਾਗਤ ਸਥਿਤੀ ਵਿਚ ਰਹਿੰਦਾ ਹੈ। 'ਲੋਕਾਂ' ਦੁਆਰਾ ਸਭਿਅਤਾ ਦੇ ਪ੍ਰਭਾਵ ਤੋਂ ਦੂਰ ਆਪਣੀ ਸਹਿਜ-ਸਰਲ ਅਵਸਥਾ ਵਿਚ ਆਸ਼ਾ-ਨਿਰਾਸ਼ਾ, ਉਮੰਗ, ਜੀਵਨ-ਮਰਨ, ਸੁੱਖ-ਦੁੱਖ ਦਾ ਪ੍ਰਗਟਾਓ ਜਿਸ ਸਾਹਿੱਤ ਵਿਚ ਹੋਇਆ ਮਿਲਦਾ ਹੈ, ਉਸ ਨੂੰ 'ਲੋਕ ਸਾਹਿੱਤ' ਆਖਦੇ ਹਨ।

### 8.2.1 ਲੱਛਣ ਤੇ ਵਿਸ਼ੇਸ਼ਤਾ

ਹੁਣ ਅਸੀਂ ਤੁਹਾਨੂੰ ਲੋਕ-ਸਾਹਿੱਤ ਦੇ ਕੁਝ ਜ਼ਰੂਰੀ ਲੱਛਣ ਤੇ ਵਿਸ਼ੇਸ਼ਤਾਵਾਂ ਬਾਰੇ ਦਸਦੇ ਹਾਂ :

**ਮੌਖਿਕਤਾ** : ਲੋਕ ਸਾਹਿੱਤ ਮੁੱਖ ਤੌਰ ਤੇ ਪਰੰਪਰਾਗਤ ਰੂਪ ਵਿਚ ਚਲਿਆ ਆਉਂਦਾ ਹੈ। ਯੁੱਗ ਬੀਤ ਜਾਂਦੇ ਹਨ ਤੇ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਲੋਕ ਜੀਵਨ ਦੀ ਇਹ ਸਾਹਿੱਤਕ ਰਚਨਾ ਮੂੰਹ-ਦਰ-ਮੂੰਹ ਸੰਭਾਲੀ ਚਲੀ ਆਉਂਦੀ ਹੈ। ਇਸੇ ਲਈ ਲੋਕ ਸਾਹਿੱਤ ਨੂੰ ਹਮੇਸ਼ਾ ਲਈ ਸਜੀਵ ਰਹਿਣ ਵਾਲੀ ਏਕਤਾ ਦਾ ਜੀਉਂਦਾ-ਜਾਗਦਾ ਸਬੂਤ ਵੀ ਕਿਹਾ ਜਾਂਦਾ ਹੈ।

**ਅਨਾਮ ਰਚਨਾ** : ਲੋਕ ਸਾਹਿੱਤ ਨਾਲ ਕਿਸੇ ਲੇਖਕ ਦਾ ਨਾਂ ਨਹੀ ਜੁੜਿਆ ਹੁੰਦਾ। ਇਸ ਸਾਹਿੱਤ ਰਚਨਾ ਨੂੰ ਲੋਕ-ਸਮੂਹ ਤੋਂ ਪ੍ਰਵਾਨਗੀ ਮਿਲਦੀ ਹੈ ਅਤੇ ਇਹ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਅਗਾਂ ਚਲਦਾ ਜਾਂਦਾ ਹੈ। ਅਸਲ ਵਿਚ ਲੋਕ ਸਾਹਿੱਤ ਦੀ ਰਚਨਾ ਲੋਕ ਸਮੂਹ ਦੁਆਰਾ ਹੀ ਹੋਂਦ ਵਿਚ ਆਉਂਦੀ ਹੈ। ਇਹ ਠੀਕ ਹੈ ਕਿ ਲੋਕ ਸਾਹਿੱਤ ਦਾ ਪਹਿਲਾ ਕੋਈ ਇਕ ਲੇਖਕ ਜ਼ਰੂਰ ਹੋਵੇਗਾ। ਪਰ ਉਸਨੇ ਜੋ ਕੁੱਝ ਵੀ ਲਿਖਿਆ ਸਮੂਹ ਵਿਚ ਘੁਲ-ਮਿਲ ਕੇ ਹੀ ਬਿਆਨ ਕੀਤਾ। ਸਮੇਂ ਦੇ ਬੀਤਣ ਨਾਲ ਇਸ ਰਚਨਾ ਵਿਚ, ਲੋਕਾਂ ਵਲੋਂ ਵਾਧਾ-ਘਾਟਾ ਹੁੰਦਾ ਰਹਿੰਦਾ ਹੈ, ਇਹ ਰਚਨਾ ਲੋਕ-ਸਮੂਹ ਦੀ ਆਪਣੀ ਰਚਨਾ ਬਣ ਜਾਂਦੀ ਹੈ ਅਤੇ ਇਸ ਨਾਲੋਂ ਕਿਸੇ ਇਕ ਲੇਖਕ ਦਾ ਨਾਂ ਟੁੱਟ ਜਾਂਦਾ ਹੈ। ਲੋਕ-ਸਾਹਿੱਤ ਦੇ ਅੰਤਰਗਤ ਆਉਣ ਵਾਲੀਆਂ ਰਚਨਾਵਾਂ ਨੂੰ ਭਾਵੇਂ ਕਿਸੇ ਇਕ ਲੇਖਕ ਨੇ ਪਹਿਲਾਂ ਲਿਖਿਆ ਹੋਵੇਗਾ ਪਰ ਇਨ੍ਹਾਂ ਰਚਨਾਵਾਂ ਉਪਰ ਲੋਕਾਂ ਦੀ ਅਜਿਹੀ ਖਰਾਦ ਲਗਦੀ ਹੈ ਕਿ ਇਹ ਰਚਨਾ ਕਿਸੇ ਇਕ ਵਿਅਕਤੀ ਦੀ ਨਾ ਰਹਿ ਕੇ ਲੋਕਾਂ ਦੀ ਰਚਨਾ ਬਣ ਜਾਂਦੀ ਹੈ। ਇਸੇ ਲਈ ਲੋਕ ਸਾਹਿੱਤ ਦਾ ਵਿਅਕਤੀਗਤ ਅਨੁਭਵ ਵੀ ਲੋਕ ਅਨੁਭਵ ਦੀ ਪੱਧਰ ਵਾਲਾ ਸਾਂਝਾ ਤੇ ਸਮੂਹਿਕ ਹੁੰਦਾ ਹੈ।

**ਸੁਭਾਵਕਤਾ** : ਲੋਕ ਸਾਹਿੱਤ ਦਾ ਪ੍ਰਧਾਨ ਗੁਣ ਸਰਲਤਾ ਤੇ ਸੁਭਾਵਕਤਾ ਹੈ। ਇਹ ਸਾਹਿੱਤ ਓਨਾ ਹੀ ਸੁਭਾਵਕ ਹੈ, ਜਿੰਨਾ ਕਿ ਜੰਗਲ ਵਿਚ ਖਿੜਿਆ ਫੁੱਲ। ਓਨਾ ਹੀ ਆਪ-ਮੁਹਾਰ ਹੈ ਜਿੰਨੀ ਕਿ ਪੰਛੀਆਂ ਦੀ ਚਹਿਰਹਾਹਟ। ਮਨੁੱਖ ਚਿਰਾਂ ਤੋਂ ਪ੍ਰਕਿਰਤੀ ਦੀ ਗੋਦੀ ਵਿਚ ਆਪਣਾ ਜੀਵਨ ਬਤੀਤ ਕਰਦਾ ਆ ਰਿਹਾ ਹੈ। ਪੁਰਾਣੇ ਮਨੁੱਖ ਦਾ ਰਹਿਣ-ਸਹਿਣ, ਆਚਾਰ-ਵਿਹਾਰ, ਬੜਾ ਸਹਿਜ ਤੇ ਸਰਲ ਸੀ। ਉਹ ਆਡੰਬਰ ਤੇ ਬਨਾਉਟੀਪਨ ਤੋਂ ਮੀਲਾਂ ਦੂਰ ਸੀ। ਉਸਦੇ ਸਾਰੇ ਕੰਮਾਂ ਤੋਂ ਸੁਭਾਵਕਤਾ ਝਲਕਦੀ ਸੀ। ਮਨ ਦੇ ਆਨੰਦ ਅਤੇ ਸੰਤੋਖ ਲਈ ਉਹ ਸਾਹਿੱਤ ਰਚਨਾ ਕਰਦਾ ਸੀ, ਜੋ ਬਹੁਤ ਸਰਲ ਤੇ ਸੁਭਾਵਕ ਸੀ। ਅੱਜ ਵੀ ਆਨੰਦ ਤੇ ਸੰਤੋਖ ਲਈ ਸਾਹਿੱਤ ਰਚਨਾ ਕੀਤੀ ਜਾਂਦੀ ਹੈ ਪਰ ਅਜ ਦੇ ਮੁਕਾਬਲੇ ਤੇ ਲੋਕ ਸਾਹਿਤ ਵਿਚ ਸਾਨੂੰ ਨਿਯਮ ਤੇ ਸ਼ਿਲਪ ਦਾ ਬੋਝ ਅਤੇ ਪਿੰਗਲ ਤੇ ਵਾਦਾਂ ਦੀ ਕੈਦ ਦਿਖਾਈ ਨਹੀਂ

ਦਿੰਦੀ। ਇਨ੍ਹਾਂ ਦੀ ਥਾਂ ਉਸ ਵਿਚ ਸੁਭਾਵਕਤਾ/ਮਾਸੂਮੀਅਤ ਤੇ ਕੁਦਰਤੀ ਸਰਲਤਾ ਦੇ ਗੁਣ ਪ੍ਰਧਾਨ ਰੂਪ ਵਿਚ ਨਜ਼ਰ ਆਉਂਦੇ ਹਨ। ਲੋਕ ਸਾਹਿੱਤ ਵਿਚ ਨਿਯਮਾਂ ਦਾ ਬੰਧਨ ਨਹੀਂ ਹੁੰਦਾ, ਇਹ ਸੁਤੰਤਰ ਰੂਪ ਵਿਚ ਵਗਦੀ ਹੋਈ ਧਾਰਾ ਹੈ।

**ਲੋਕ-ਸਭਿਆਚਾਰ** : ਲੋਕ ਸਾਹਿੱਤ ਵਿਚ ਲੋਕ ਸਭਿਆਚਾਰ ਤੇ ਲੋਕ ਮਾਨਸ ਦੀ ਸਹਿਜ ਅਭਿਵਿਅਕਤੀ ਮਿਲਦੀ ਹੈ। ਇਸ ਵਿਚ ਲੋਕ ਸਭਿਆਚਾਰ ਦਾ ਸੱਚਾ ਤੇ ਸਜੀਵ ਚਿੱਤਰ ਪੇਸ਼ ਹੁੰਦਾ ਹੈ। ਸਾਧਾਰਣ ਲੋਕ ਜਿਨਾਂ ਸ਼ਬਦਾਂ ਵਿਚ ਗਾਉਂਦੇ, ਰੋਂਦੇ ਤੇ ਹਸਦੇ-ਖੇਡਦੇ ਹਨ, ਉਸ ਸਭ ਨੂੰ ਲੋਕ ਸਾਹਿੱਤ ਦੇ ਅੰਤਰਗਤ ਰਖਿਆ ਜਾ ਸਕਦਾ ਹੈ ਅਤੇ ਇਹ ਔਰਤਾਂ, ਮਰਦਾਂ, ਬੱਚਿਆਂ, ਜਵਾਨ ਤੇ ਬੁਢਿੱਆਂ ਸੱਭ ਦੀ ਸਾਂਝੀ ਦੌਲਤ ਹੈ। ਲੋਕ ਸਾਹਿੱਤ ਵਿਚ ਲੋਕ-ਅਨੁਭਵ ਪੇਸ਼ ਹੁੰਦਾ ਹੈ। ਇਸ ਵਿਚ ਮਨੁੱਖੀ ਜੀਵਨ ਦੀਆਂ ਪਰੰਪਰਾਵਾਂ ਤੇ ਵਰਤੋਂ-ਵਿਹਾਰ ਦੀਆਂ ਕਈ ਰੂੜੀਆਂ ਸ਼ਾਮਿਲ ਰਹਿੰਦੀਆਂ ਹਨ। ਇਸੇ ਲਈ ਲੋਕ ਸਾਹਿੱਤ ਨੂੰ ਵਿਸ਼ਾਲ ਤੇ ਵਿਸਤ੍ਰਿਤ ਸਾਮੱਗਰੀ ਦਾ ਵੱਡਾ ਭੰਡਾਰ ਮੰਨਿਆ ਜਾਂਦਾ ਹੈ, ਜੋ ਸਾਰਿਆਂ ਲਈ ਸਾਂਝਾ ਤੇ ਇਕੋ ਜਿੰਨਾ ਮਹੱਤਵਪੂਰਣ ਹੈ।

**ਲੋਕ ਬੋਲੀ** : ਲੋਕ ਸਾਹਿੱਤ ਵਿਚ ਲੋਕ ਬੋਲੀ ਦਾ ਬਹੁਤ ਮਹੱਤਵ ਹੈ। ਲੋਕ, ਸ਼ਬਦ ਘੜਦੇ ਹਨ, ਅਰਥਾਂ ਵਿਚ ਤਬਦੀਲੀ ਲੈ ਆਉਂਦੇ ਹਨ ਅਤੇ ਕਈ ਸ਼ਬਦ ਪ੍ਰਚਲਿਤ ਕਰ ਲੈਂਦੇ ਹਨ। ਲੋਕ ਸਾਹਿੱਤ ਵਿਚ ਲੋਕ ਬੋਲੀ, ਸੰਚਾਰ ਦਾ ਬੜਾ ਜ਼ਰੂਰੀ ਕੰਮ ਨਿਭਾਉਂਦੀ ਹੈ ਜਿਸ ਵਿਚ ਲੋਕ ਮਨ ਦੀ ਸਰਲਤਾ ਤੇ ਕਾਰਜਸ਼ੀਲਤਾ ਨਜ਼ਰ ਆਉਂਦੀ ਹੈ। ਲੋਕ ਬੋਲੀ, ਲੋਕਾਂ ਦੀ ਰੋਜ਼ਾਨਾ ਬੋਲ ਚਾਲ ਦੀ ਭਾਸ਼ਾ ਹੈ, ਜਿਸ ਵਿਚ ਵੱਖ-ਵੱਖ ਜਾਤਾਂ, ਕਬੀਲਿਆਂ, ਸਥਾਨਾਂ ਦੇ ਪ੍ਰਭਾਵ ਤੋਂ ਅਲਾਵਾ ਹਾਜ਼ਰ-ਜੁਆਬੀ, ਠੱਠਾ-ਮਸ਼ਕਰੀ, ਸਰਲਤਾ, ਲੋਕ ਪ੍ਰਵਾਨਗੀ ਆਦਿ ਕਈ ਪੱਖ ਕੰਮ ਕਰਦੇ ਹੋਏ ਨਜ਼ਰ ਆਉਂਦੇ ਹਨ।

ਇਸ ਤਰ੍ਹਾਂ ਲੋਕ ਸਾਹਿੱਤ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਸਾਡੇ ਸਾਹਮਣੇ ਆਉਂਦੀਆਂ ਹਨ।

1 ਇਹ ਮੌਖਿਕ ਪਰੰਪਰਾ ਨਾਲ ਅਗਾਂਹ ਚਲਦਾ ਹੈ।
2 ਇਸਦਾ ਲੇਖਕ ਤੇ ਰਚਨਾ-ਕਾਲ ਅਗਿਆਤ ਹੁੰਦਾ ਹੈ।
3 ਇਸਦੀ ਸ਼ੈਲੀ ਸਰਲ, ਸਾਦਾ ਤੇ ਸਿੱਧ-ਪੱਧਰੀ ਹੁੰਦੀ ਹੈ।
4 ਇਸ ਵਿਚ ਲੋਕ ਸਭਿਆਚਾਰ ਤੇ ਲੋਕ ਜੀਵਨ ਦੀ ਝਲਕ ਨਜ਼ਰ ਆਉਂਦੀ ਹੈ।
5 ਇਸ ਵਿਚ ਲੋਕ ਬੋਲੀ ਵਿਸ਼ੇਸ਼ ਭੂਮਿਕਾ ਨਿਭਾਉਂਦੀ ਹੈ।
6 ਇਹ ਲੋਕ ਚਿਤ ਤੋਂ ਪੈਦਾ ਹੋ ਕੇ ਸਰਬ ਸਾਧਾਰਣ ਨੂੰ ਪ੍ਰਭਾਵਤ ਕਰਦਾ ਹੈ।
7 ਇਸ ਵਿਚ ਜੀਵਨ ਤੇ ਧਰਮ ਪ੍ਰਤੀ ਆਦਰ ਤੇ ਸਤਿਕਾਰ ਦਾ ਸਹਿਜ ਭਾਵ ਹੁੰਦਾ ਹੈ।
8 ਇਹ ਸਾਡੇ ਜੀਵਨ ਦੀ ਅਮੀਰ ਪਰੰਪਰਾ ਹੈ, ਜਿਸ ਤੋਂ ਅਨਜਾਣ ਨਹੀਂ ਰਿਹਾ ਜਾਂ ਸਕਦਾ।
9 ਇਹ ਲੋਕਾਂ ਦਾਂ ਵਡਮੁੱਲਾ ਖ਼ਜ਼ਾਨਾ ਹੈ।
10 ਇਸ ਵਿਚ ਪੁਰਾਣੇ ਮਨੁੱਖ ਤੇ ਲੋਕ ਮਾਨਸ ਦੀ ਪ੍ਰਵਿਰਤੀ ਸਮਾਈ ਹੋਈ ਹੁੰਦੀ ਹੈ।
11 ਇਹ ਸੁਤੰਤਰ ਰੂਪ ਵਿਚ ਵਗਦੀ ਹੋਈ ਭਾਸ਼ਾਗਤ ਅਭਿਵਿਅਕਤੀ ਹੈ।

## 8.2.2 ਮਹੱਤਵ

ਜਨਮ ਤੋਂ ਲੈ ਕੇ ਮੌਤ ਤਕ ਸਾਰਾ ਮਨੁੱਖੀ ਜੀਵਨ ਕਈ ਤਰ੍ਹਾਂ ਦੇ ਸੰਸਕਾਰਾਂ ਤੇ ਰੀਤਾਂ ਦਾ ਮੁਥਾਜ ਹੈ। ਇਨ੍ਹਾਂ ਮੌਕਿਆਂ ਉੱਪਰ ਗੀਤ ਗਾਏ ਜਾਂਦੇ ਹਨ। ਵੱਖ-ਵੱਖ ਰੁੱਤਾਂ ਬਦਲਦੀਆਂ ਹਨ ਅਤੇ ਕੁਦਰਤ ਦੀ ਤਬਦੀਲੀ ਦਾ ਜੋ ਪ੍ਰਭਾਵ ਮਨੁੱਖ ਦੇ ਹਿਰਦੇ ਤੇ ਪੈਂਦਾ ਹੈ, ਉਹ ਲੋਕ ਗੀਤਾਂ ਦੀ ਸ਼ਕਲ ਵਿਚ ਪ੍ਰਗਟ ਹੁੰਦਾ ਹੈ। ਖੇਤਾਂ ਵਿਚ ਕੰਮ ਕਰਦੇ ਹੋਏ, ਮਿਹਨਤ ਮੁਸ਼ੱਕਤ ਸਮੇਂ ਵੀ ਗੀਤ ਗਾਏ ਜਾਂਦੇ ਹਨ। ਆਪਣੇ ਬਜ਼ੁਰਗਾਂ ਦੇ ਕਾਰਨਾਮੇ ਤੇ ਸ਼ਾਨ ਆਦਿ ਦੱਸਣ ਲਈ ਗੀਤ ਗਾਏ ਜਾਂਦੇ ਹਨ। ਅੱਗ ਦੇ ਕੋਲ ਬੈਠ ਕੇ ਜਾਂ ਬੁੱਢੀ ਦਾਦੀ ਤੋਂ ਬੱਚੇ ਕਹਾਣੀਆਂ ਸੁਣਦੇ ਆ ਰਹੇ ਹਨ, ਲੋਰੀਆਂ ਤੇ ਕਹਾਣੀਆਂ ਸਾਡਾ ਵਡਮੁੱਲਾ ਅੰਗ ਹਨ। ਉਤਸਵਾਂ, ਮੇਲਿਆਂ ਤੇ ਹੋਰ ਮੌਕਿਆਂ ਉੱਪਰ ਸੁਆਂਗ ਰਚੇ ਤੇ ਨਾਟਕ ਖੇਡੇ ਜਾਂਦੇ ਹਨ। ਲੋਕ ਆਪਣੇ ਰੋਜ਼ਾਨਾ ਦੇ ਵਿਉਹਾਰ ਵਿਚ ਗੱਲਬਾਤ ਦੌਰਾਨ ਕਈ ਅਖਾਣ/ਮੁਹਾਵਰੇ ਵਰਤਦੇ ਹਨ। ਇਹ ਸਭ ਲੋਕ ਸਾਹਿਤ ਦਾ ਅੰਗ ਹਨ।

ਇਸ ਤਰ੍ਹਾਂ ਲੋਕ ਸਾਹਿਤ ਸਾਡੇ ਜਨ-ਜੀਵਨ ਦਾ ਦਰਪਣ ਹੈ ਅਤੇ ਲੋਕ-ਦਿਲਾਂ ਦੀ ਧੜਕਣ ਹੈ। ਸਰਬ ਸਾਧਾਰਣ ਲੋਕ ਜੋ ਸੋਚਦੇ ਹਨ ਅਤੇ ਜਿਨ੍ਹਾਂ ਗੱਲਾਂ ਦੀ ਕਲਪਨਾ ਕਰਦੇ ਹਨ, ਉਹ ਇਸ ਵਿਚ ਪ੍ਰਗਟ ਹੁੰਦੀਆਂ ਹਨ। ਆਮ ਮਨੁੱਖ ਵੱਖ ਵੱਖ ਮੌਕਿਆਂ ਉੱਪਰ ਅਤੇ ਵੱਖ-ਵੱਖ ਰੁੱਤਾਂ ਤੇ ਮੌਸਮਾਂ ਦੇ ਆਉਣ ਤੇ ਗੀਤ ਗਾ ਕੇ ਆਪਣਾ ਮਨੋਰੰਜਨ ਕਰਦਾ ਹੈ; ਕਹਾਣੀਆਂ ਸੁਨਣਾ ਤੇ ਸੁਨਾਉਣਾ ਉਸਦੇ ਦਿਲ ਪਰਚਾਵੇ ਦਾ ਅਨਿੱਖੜਾ ਅੰਗ ਹੈ। ਸਮੇਂ-ਸਮੇਂ ਅਤੇ ਵੱਖ-ਵੱਖ ਮੌਕਿਆਂ ਉਪਰ ਤਿੱਖੇ ਅਖਾਣਾਂ ਤੇ ਭਾਵ ਭਰਪੂਰ ਮੁਹਾਵਰਿਆਂ ਦੀ ਵਰਤੋਂ ਕਰਕੇ ਉਹ ਆਪਣੇ ਭਾਵਾਂ ਨੂੰ ਪੇਸ਼ ਕਰਦਾ ਹੈ।

## 8.2.3 ਰੂਪ

ਉਪਰੋਕਤ ਚਰਚਾ ਦੇ ਆਧਾਰ ਤੇ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਲੋਕ ਸਾਹਿਤ ਦੇ ਹੇਠ ਲਿਖੇ ਪ੍ਰਸਿੱਧ ਰੂਪ ਹੋ ਸਕਦੇ ਹਨ।

1 ਲੋਕ ਗੀਤ
2 ਲੋਕ ਗਾਥਾ
3 ਲੋਕ ਕਹਾਣੀ
4 ਲੋਕ ਨਾਟਕ
5 ਲੋਕ-ਅਖਾਣ, ਮੁਹਾਵਰੇ, ਬੁਝਾਰਤਾਂ, ਆਦਿ।

**ਪਹਿਲਾ ਅਭਿਆਸ**

**ਨੋਟ**: ਹੇਠ ਦਿੱਤੇ ਸਵਾਲਾਂ ਦੇ ਸੰਖੇਪ ਉੱਤਰ ਦਿਓ। ਜਵਾਬ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿੱਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ ਹੈ।

1 ਲੋਕ ਸਾਹਿੱਤ ਤੋਂ ਕੀ ਭਾਵ ਹੈ?

. . . . . . . . . . . . . . . . . . . . . . . . . . . . . . . . . . . . . . . . . . . . . . . . . .

2 ਲੋਕ ਸਾਹਿੱਤ ਸਰਲ ਤੇ ਸੁਭਾਵਕ ਕਿਉਂ ਹੁੰਦਾ ਹੈ?

. . . . . . . . . . . . . . . . . . . . . . . . . . . . . . . . . . . . . . . . . . . . . . . . . .

3 ਲੋਕ ਬੋਲੀ ਕਿਸ ਨੂੰ ਆਖਦੇ ਹਨ? ਇਸ ਦੀ ਕੀ ਵਿਸ਼ੇਸ਼ਤਾ ਹੈ?

. . . . . . . . . . . . . . . . . . . . . . . . . . . . . . . . . . . . . . . . . . . . . . . . . .

4 ਲੋਕ ਸਾਹਿੱਤ ਸਾਨੂੰ ਕਿਹੜੇ-ਕਿਹੜੇ ਰੂਪਾਂ ਵਿਚ ਮਿਲਦਾ ਹੈ?

. . . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . . .

## 8.3 ਲੋਕ ਗੀਤ

ਲੋਕ ਸਾਹਿਤ ਵਿਚ ਲੋਕ ਗੀਤਾਂ ਦਾ ਪ੍ਰਮੁੱਖ ਸਥਾਨ ਹੈ। ਅੰਗਰੇਜ਼ੀ ਵਿਚ ਇਨ੍ਹਾਂ ਨੂੰ Folk Songs ਆਖਦੇ ਹਨ। ਲੋਕਾਂ ਵਿਚ ਪ੍ਰਚਲਿਤ, ਲੋਕਾਂ ਦੁਆਰਾ ਰਚਿਤ ਅਤੇ ਲੋਕਾਂ ਲਈ ਲਿਖੇ ਗਏ ਗੀਤਾਂ ਨੂੰ ਲੋਕ ਗੀਤ ਕਿਹਾ ਜਾਂਦਾ ਹੈ। ਇਨ੍ਹਾਂ ਦਾ ਰਚਨਾਕਾਰ ਆਪਣੀ ਸ਼ਖ਼ਸੀਅਤ 'ਲੋਕ' ਨੂੰ ਸਮਰਪਿਤ ਕਰ ਦਿੰਦਾ ਹੈ। ਇਨ੍ਹਾਂ ਗੀਤਾਂ ਵਿਚ ਲੋਕ ਜੀਵਨ ਦਾ ਸੁਭਾਵਕ ਪ੍ਰਗਟਾਓ ਮਿਲਦਾ ਹੈ, ਜੋ ਸਭਿਅ ਪ੍ਰਭਾਵਾਂ ਤੋਂ ਬਾਹਰ ਰਹਿ ਤੇ ਕੁੱਝ ਆਦਿਮ ਅਵਸਥਾ ਨੂੰ ਪ੍ਰਗਟਾਉਂਦਾ ਹੈ। ਜਦੋਂ ਸ਼ਾਸਤ੍ਰੀ ਨਿਯਮਾਂ ਤੋਂ ਬੇਪਰਵਾਹ ਆਮ ਲੋਕ ਵਿਹਾਰ ਲਈ ਮਨੁੱਖ ਆਪਣੀਆਂ ਆਨੰਦਮਈ ਤਰੰਗਾਂ ਨੂੰ ਛੰਦਾ ਵਿਚ ਸਹਿਜ ਰੂਪ ਵਿਚ ਢਾਲਦਾ ਹੈ ਤਾਂ ਲੋਕ ਗੀਤ ਦਾ ਜਨਮ ਹੁੰਦਾ ਹੈ। ਲੋਕ ਵਿਚ ਪ੍ਰਚਲਿਤ ਗੀਤ ਹੀ ਲੋਕ ਗੀਤ ਸੱਦੇ ਜਾਣੇ ਚਾਹੀਦੇ ਹਨ। ਇਨ੍ਹਾਂ ਵਿਚ ਕਿਸੇ ਲੇਖਕ ਦੀ ਸ਼ਖ਼ਸੀਅਤ ਦੀ ਥਾਂ ਲੋਕ-ਸ਼ਖ਼ਸੀਅਤ ਪੇਸ਼ ਹੁੰਦੀ ਹੈ, ਇਸੇ ਲਈ ਸਮੁੱਚਾ ਲੋਕ ਸਮੂਹ ਇਸ ਨੂੰ ਆਪਣੀ ਰਚਨਾ ਸਮਝਣ ਲਗ ਪੈਂਦਾ ਹੈ। ਇਹ ਗੀਤ ਮੌਖਿਕ ਪਰੰਪਰਾ ਦੇ ਰੂਪ ਵਿਚ ਚਲ ਕੇ ਨਿਰੰਤਰ ਵਰਤੀਂਦੇ ਹੋਏ ਜਿਸ ਸ਼ਕਲ ਵਿਚ ਸਾਡੇ ਤਕ ਪੁੱਜਦੇ ਹਨ, ਉਹ ਲੋਕ ਦੀ ਰਚਨਾ ਕਹੇ ਜਾ ਸਕਦੇ ਹਨ।

ਮਨੁੱਖ ਭਾਵੇਂ ਸਭਿਅ ਹੋਵੇ ਭਾਵੇਂ ਅਸਭਿਅ, ਉਸ ਵਿਚ ਆਪਣੇ ਭਾਵਾਂ ਨੂੰ ਪ੍ਰਗਟਾਉਣ ਦੀ ਇੱਛਾ ਤੇ ਸਮਰੱਥਾ ਜ਼ਰੂਰ ਹੁੰਦੀ ਹੈ। ਆਦਿਮ ਮਾਨਵ, ਅਨੁਭਵ ਤੋਂ ਪ੍ਰੇਰਿਤ ਹੋ ਕੇ ਜਦੋਂ ਸੁੱਖ-ਦੁੱਖ ਦੀ ਸੰਵੇਦਨਾ ਤੋਂ ਪ੍ਰੇਰਿਤ ਹੋਇਆ ਤਾਂ ਲੋਕ ਗੀਤਾਂ ਦੀਆਂ ਸੁਰਾਂ ਉਸਦੀ ਜੀਭ ਤੇ ਲਹਿਰਾ ਉਠੀਆਂ ਹੋਣਗੀਆਂ। ਇਹੀ ਸੁਰ ਲੈ-ਬੱਧ ਹੋ ਕੇ ਗੀਤਾਂ ਦਾ ਰੂਪ ਧਾਰਨ ਕਰਦੀ ਹੈ।

ਲੋਕ ਗੀਤਾਂ ਦਾ ਸੰਬੰਧ 'ਲੋਕ' ਦੀਆਂ ਭਾਵਨਾਵਾਂ, ਸੰਸਕਾਰਾਂ ਤੇ ਸੰਵੇਦਨਾਵਾਂ ਨਾਲ ਹੈ। ਇਨ੍ਹਾਂ ਵਿਚ ਜਨ-ਜੀਵਨ ਦੇ ਭਾਵ ਪ੍ਰਗਟ ਹੁੰਦੇ ਹਨ। ਸਾਡੇ ਲੋਕ ਗੀਤ, ਲੋਕ ਸਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਹਨ।

ਲੋਕ ਗੀਤ ਵਿਚ ਹੇਠ ਲਿਖੇ ਤੱਤ ਮੌਜੂਦ ਹੁੰਦੇ ਹਨ।

ੳ) ਲੋਕ ਮਾਨਸ ਦਾ ਲੈ-ਆਤਮਕ ਪ੍ਰਗਟਾਓ।
ਅ) ਲੋਕ ਦੀ ਸਵੈ-ਇੱਛਿਤ ਅਭਿਵਿਅਕਤੀ।
ੲ) ਲੋਕ ਜੀਵਨ ਦਾ ਪ੍ਰਤਿਬਿੰਬ ਪੇਸ਼ ਕਰਨ ਵਾਲੀ ਅਭਿਵਿਅਕਤੀ

ਲੋਕ ਗੀਤਾਂ ਦੀਆਂ ਵੱਖ-ਵੱਖ ਕਿਸਮਾਂ ਦੇ ਆਧਾਰ ਤੇ ਇਨ੍ਹਾਂ ਦੇ ਕਈ ਭੇਦ ਹੋ ਸਕਦੇ ਹਨ ਅਤੇ ਇਨ੍ਹਾਂ ਨੂੰ ਕਈ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਜਿਵੇਂ:
ੳ) ਸੰਸਕਾਰਾਂ ਵਾਲੇ ਗੀਤ।
ਅ) ਰੁੱਤਾਂ, ਤਿਉਹਾਰਾਂ ਵਾਲੇ ਗੀਤ।
ੲ) ਵਿਭਿੰਨ ਜਾਤੀਆਂ ਦੇ ਗੀਤ।
ਸ) ਕਾਰਜਗਤ ਗੀਤ ।
ਹ) ਭਾਵਾਂ ਵਾਲੇ ਗੀਤ।

**ਸੰਸਕਾਰਾਂ ਵਾਲੇ ਗੀਤ** : ਸਾਡੇ ਜੀਵਨ ਵਿਚ ਕਈ ਤਰ੍ਹਾਂ ਦੇ ਸੰਸਕਾਰ ਭਰੇ ਹੋਏ ਹਨ। ਲੋਕ ਜੀਵਨ ਸੰਸਕਾਰਾਂ, ਰੀਤੀ ਰਿਵਾਜਾਂ, ਦਿਨ-ਦਿਹਾਰਾਂ, ਸਮੇਂ ਲਈ ਗੀਤ ਗਾਏ ਜਾਂਦੇ ਹਨ; ਜਿਵੇਂ ਪੁੱਤਰ ਜਨਮ, ਨਾਮਕਰਨ, ਜਨੇਊ, ਮੁੰਡਨ,

ਕੁੜਮਾਈ, ਵਿਆਹ, ਘੋੜੀ, ਸੁਹਾਗ, ਲਾਵਾਂ, ਡੋਲੀ ਜਾਂ ਮੌਤ ਆਦਿ ਨਾਲ ਸੰਬੰਧਿਤ ਗੀਤ। ਜਿਵੇਂ ਭੈਣਾਂ ਵੱਲੋਂ ਵੀਰ ਦਾ ਸਿਹਰਾ ਗੁੰਦਣ ਸਮੇਂ।

ਭੈਣਾਂ ਵੀਰ ਦਾ ਸਿਹਰਾ ਗੁੰਦਿਆ,
ਨੋਟ ਭਾਬੀਆਂ ਵਾਰੇ,
ਮੁੰਡੇ ਦੀ ਮਾਂ ਲੁਕਦੀ ਫਿਰਦੀ,
ਓਹਨੂੰ ਲਭਦੇ ਸਾਰੇ
ਝਾਂਜਰ ਤਾਂ ਫਬਦੀ
ਜੇ ਨੱਚੇ ਮੁੰਡੇ ਦੀ ਮਾਂ।....

**ਜਾਂ ਮੌਤ ਸਮੇਂ ਕੀਰਨੇ ਤੇ ਵੈਣ ਦਾ ਰੂਪ ਹੇਠ ਲਿਖੇ ਅਨੁਸਾਰ ਹੈ** :

ਮੌਤ ਪੁਛਦੀ ਆਈ ਵੇ ਸ਼ੇਰਾ          ਹਾਏ ਸ਼ੇਰਾ
ਕਰਨ ਨਾ ਦੇਂਦੀ ਗਲ ਵੇ ਸ਼ੇਰਾ          ਹਾਏ ਸ਼ੇਰਾ
ਲੈਣ ਨਾ ਦਿੱਤਾ ਸਾਹ ਵੇ ਸ਼ੇਰਾ          ਹਾਏ ਸ਼ੇਰਾ

**ਰੁੱਤਾਂ, ਮੇਲੇ, ਤਿਉਹਾਰਾਂ ਵਾਲੇ ਗੀਤ** : ਸਾਡੇ ਲੋਕ ਜੀਵਨ ਵਿਚ ਇਨ੍ਹਾਂ ਨਾਲ ਸੰਬੰਧਿਤ ਬਹੁਤ ਗੀਤ ਮਿਲਦੇ ਹਨ। ਜਿਵੇਂ ਬਸੰਤ, ਪਤਝੜ, ਬਰਸਾਤ, ਤੀਆਂ, ਪੀਂਘਾਂ, ਗਿੱਧਾ, ਮਸਿਆ, ਸੰਗਰਾਂਦ, ਲੋਹੜੀ, ਰੱਖੜੀ, ਹੋਲੀ ਵੈਸਾਖੀ ਆਦਿ ਨਾਲ ਸੰਬੰਧਿਤ ਗੀਤ।

ਚਲ ਚਲੀਏ ਚੇਤ ਦੀ ਮੱਸਿਆ
ਮੁੰਡਾ ਤੇਰਾ ਮੈਂ ਚੁੱਕ ਲਊਂ।

**ਲੋਹੜੀ ਮੰਗਣ ਸਮੇਂ ਗਾਏ ਜਾਣ ਵਾਲੇ ਲੋਕ ਗੀਤ** ਵੀ ਬਹੁਤ ਪ੍ਰਚਲਿਤ ਹਨ :

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ੱਕਰ ਪਾਈ, ਹੋ.....

**ਜਾਤੀਆਂ ਦੇ ਗੀਤ** : ਇਨ੍ਹਾਂ ਵਿਚ ਵੱਖ-ਵੱਖ ਜਾਤੀਆਂ ਜਿਵੇਂ ਤੇਲੀ, ਧੋਬੀ, ਮਿਰਾਸੀ, ਭੰਡ, ਬਾਜ਼ੀਗਰ, ਸਾਂਸੀ ਆਦਿ ਦੇ ਗੀਤ ਰਖੇ ਜਾ ਸਕਦੇ ਹਨ।

**ਕਾਰਜਗਤ ਗੀਤ** : ਇਸ ਵਿਚ ਵੱਖ-ਵੱਖ ਕੰਮਾਂ ਨਾਲ ਸੰਬੰਧਿਤ ਗੀਤ ਆਉਂਦੇ ਹਨ, ਜਿਵੇਂ ਕੱਤਣ, ਪਾਣੀ ਭਰਨ, ਕਿਸ਼ਤੀ ਚਲਾਉਣ, ਕੋਹਲੂ ਚਲਾਉਣ, ਫ਼ਸਲਾਂ ਦੀ ਕਟਾਈ ਜਾਂ ਹੋਰ ਮਿਹਨਤ ਆਦਿ ਵਾਲੇ ਕੰਮਾਂ ਸਮੇਂ ਗੀਤ ਗਾਏ ਜਾਂਦੇ ਹਨ। ਮਿਹਨਤੀ ਲੋਕ ਆਪਣੀ ਥਕਾਵਟ ਦੂਰ ਕਰਨ ਲਈ ਕੰਮ ਦੇ ਦੌਰਾਨ ਕਈ ਗੀਤ ਗਾਉਣ ਲਗ ਜਾਂਦੇ ਹਨ। ਇਸ ਨਾਲ ਉਨ੍ਹਾਂ ਦਾ ਮਨ ਵੀ ਕੰਮ ਵਿਚ ਲੱਗਾ ਰਹਿੰਦਾ ਹੈ।

**ਭਾਵਾਂ ਵਾਲੇ ਗੀਤ** : ਉਂਜ ਤਾਂ ਮਨੁੱਖਾਂ ਵਿਚ ਕਈ ਤਰ੍ਹਾਂ ਦੀਆਂ ਭਾਵਨਾਵਾਂ ਹੁੰਦੀਆਂ ਹਨ, ਪਰ ਪੰਜਾਬ ਦੇ ਲੋਕਾਂ ਦੀ ਬੀਰ ਭਾਵਨਾ, ਪ੍ਰੇਮ ਭਾਵਨਾ ਤੇ ਧਾਰਮਕ ਭਾਵਨਾ ਖ਼ਾਸ ਤੌਰ ਤੇ ਪ੍ਰਸਿੱਧ ਹੈ। ਸੂਰਮਗਤੀ ਵਾਲੇ ਗੀਤਾਂ ਵਿਚ ਵਾਰਾਂ ਤੇ ਜੰਗ-ਨਾਮਿਆਂ ਤੋਂ ਅਲਾਵਾ ਲੋਕ ਗੀਤਾਂ ਵਿਚ ਬੀਰ ਭਾਵਨਾ ਚੋਖੀ ਮਾਤ੍ਰਾ ਵਿਚ ਮਿਲਦੀ ਹੈ। ਪੰਜਾਬੀ ਲੋਕ ਗੀਤਾਂ ਵਿਚ ਪਿਆਰ ਦੇ ਮਿੱਠੇ ਭਾਵ ਵੀ ਮਿਲਦੇ ਹਨ। ਜਿਵੇਂ :

ਤੈਨੂੰ ਤਾਪ ਚੜ੍ਹੇ ਮੈਂ ਹੂੰਗਾਂ, ਤੇਰੀ ਮੇਰੀ ਇਕ ਜਿੰਦੜੀ।

ਇਸੇ ਤਰ੍ਹਾਂ ਧਾਰਮਕ ਭਾਵਨਾ ਵਾਲੇ ਬਹੁਤੇ ਲੋਕ ਗੀਤ ਸਰਬ-ਸਾਂਝੇ ਹਨ, ਜਿਨ੍ਹਾਂ ਵਿਚ ਸੰਸਾਰ ਦੀ ਨਾਸ਼ਮਾਨਤਾ, ਮਨੁੱਖੀ ਜੀਵਨ ਦੀ ਅਸਥਿਰਤਾ ਤੇ ਸਦਾਚਾਰਕ ਗੁਣਾਂ ਦੀ ਮਹੱਤਾ ਬਾਰੇ ਦੱਸਿਆ ਗਿਆ ਹੈ।

ਇਸ ਤੋਂ ਅਲਾਵਾ ਨ੍ਰਿਤ, ਗੀਤ, ਬੱਚਿਆਂ ਦੇ ਗੀਤ, ਪੂਜਾ ਵਿਧੀਆਂ ਤੇ ਦੇਵੀ ਦੇਵਤਿਆਂ ਬਾਰੇ ਗੀਤ ਵੀ ਪ੍ਰਸਿੱਧ ਹਨ।

**ਦੂਜਾ ਅਭਿਆਸ**

**ਨੋਟ:** ਹੇਠ-ਦਿੱਤੇ ਸਵਾਲਾਂ ਦੇ ਜਵਾਬ ਦੇਣੇ ਹਨ। ਦੂਜੇ ਸਵਾਲ ਵਿੱਚ ਕੇਵਲ ਠੀਕ ਜਵਾਬ ਉੱਤੇ ✓ ਨਿਸ਼ਾਨ ਲਾਉਣਾ ਹੈ। ਬਾਕੀ ਸਵਾਲਾਂ ਦੇ ਜਵਾਬ ਖ਼ਾਲੀ ਛੱਡੀਆਂ ਥਾਵਾਂ ਉੱਤੇ ਦੇਣੇ ਹਨ। ਜਵਾਬ ਅਖ਼ੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ ਹੈ।

1 ਲੋਕ ਗੀਤ ਸਾਡੇ ਜੀਵਨ ਦੇ ਕਿਹੜੇ-ਕਿਹੜੇ ਪੱਖਾਂ ਨਾਲ ਜ਼ਿਆਦਾ ਸੰਬੰਧਿਤ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . . .

2 ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ

ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ੱਕਰ ਪਾਈ, ਹੋ ....

ੳ) ਕਾਰਜਗਤ ਗੀਤ ਹੈ।
ਅ) ਮਨੁੱਖੀ ਭਾਵਾਂ ਦਾ ਗੀਤ ਹੈ।
ੲ) ਰੁੱਤਾਂ, ਮੇਲੇ, ਤਿਉਹਾਰ ਵਾਲਾ ਗੀਤ ਹੈ।

3 ਲੋਕ ਗੀਤ ਦੇ ਮੁੱਖ ਤੱਤ ਕਿਹੜੇ ਕਿਹੜੇ ਹਨ ?

. . . . . . . . . . . . . . . . . . . . . . . . . . . . . . . . . . . . . . . . . . . . . . . . .

. . . . . . . . . . . . . . . . . . . . . . . . . . . . . . . . . . . . . . . . . . . . . . . . .

## 8.4 ਲੋਕ-ਗਾਥਾ

ਇਸ ਨੂੰ ਮਨੁੱਖੀ ਸਮਾਜ ਦਾ ਆਦਿਮ ਜਾਂ ਪ੍ਰਾਚੀਨ ਸਾਹਿਤ ਰੂਪ ਮੰਨਿਆ ਜਾਂਦਾ ਹੈ। ਇਹ ਬਹੁਤ ਪ੍ਰਸਿੱਧ ਲੋਕ ਕਾਵਿ ਰੂਪ ਹੈ। ਇਸ ਨੇ ਛੋਟੇ-ਛੋਟੇ ਟੁਕੜਿਆਂ ਦੇ ਰੂਪ ਵਿਚ ਪ੍ਰੀਤ ਕਹਾਣੀਆਂ ਤੇ ਜੰਗਾਂ ਯੁੱਧਾਂ ਦੇ ਪ੍ਰਸੰਗਾਂ ਨੂੰ ਸੁਰਜੀਤ ਰਖਿਆ ਹੋਇਆ ਹੈ। ਇਸ ਵਿਚ ਕਿਸੇ ਲੋਕ ਕਹਾਣੀ ਨੂੰ ਗੀਤ ਵਿਚ ਗਾ ਕੇ ਪੇਸ਼ ਕੀਤਾ ਜਾਂਦਾ ਹੈ। ਇਸ ਵਿਚ ਕਥਾ ਤੇ ਗੀਤ ਦੇ ਦੋ ਤੱਤ ਪ੍ਰਮੁੱਖ ਹੁੰਦੇ ਹਨ, ਜੋ ਆਮ ਲੋਕ ਮਨ ਅੰਦਰ ਵਿਕਸਿਤ ਹੋ ਕੇ ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਅੰਦਰ ਮੌਖਿਕ ਰੂਪ ਵਿਚ ਚਲਦੇ ਆਉਂਦੇ ਹਨ। ਡਾ: ਕਰਨੈਲ ਸਿੰਘ ਥਿੰਦ ਇਸ ਦੀ ਵਿਆਖਿਆ ਇਉਂ ਕਰਦੇ ਹਨ:

"ਲੋਕ ਗਾਥਾ ਅਜਿਹੀ ਪਰੰਪਰਾਗਤ ਸੰਗੀਤਕ ਕਾਵਿ ਕਥਾ ਹੈ, ਜਿਸ ਵਿਚ ਬੀਰਤਾ ਦੇ ਕਾਰਨਾਮੇ, ਰੋਮਾਂਟਿਕ ਪ੍ਰਸੰਗ ਜਾਂ ਕਿਸੇ ਹੋਰ ਖੇਤਰ ਦੇ ਵਿਸ਼ੇਸ਼ ਸਾਕੇ ਬੜੀ ਸਾਦਾ ਬੋਲੀ ਵਿਚ ਬਿਆਨ ਕੀਤੇ ਗਏ ਹੋਣ"[1]।

ਸੋ ਲੋਕ-ਗਾਥਾ ਉਹ ਹੈ ਜਿਸ ਵਿਚ ਕਿਸੇ ਨਾਇਕ ਦੇ ਕਾਰਨਾਮੇ ਜਾਂ ਘਟਨਾ ਦਾ ਬਿਆਨ ਕਵਿਤਾ ਜਾਂ ਗੀਤ ਵਿਚ ਚਲਦਾ ਹੈ। ਮਿਸਾਲ ਵਜੋਂ ਸੱਸੀ ਪੁੰਨੂੰ ਦੀ ਲੋਕ ਗਾਥਾ ਦੀ ਵੰਨਗੀ ਪੇਸ਼ ਹੈ।

ਉੱਠ ਨੀ ਧੀਏ ਸੁਤੀਏ ਤੂੰ ਲੈ ਚਰਖੇ ਦੀ ਸਾਰ ਨੀ
ਪੁਨੂੰ ਵਰਗੀਆਂ ਸੂਰਤਾਂ ਤੈਨੂੰ ਲੈ ਦਿਆਂ ਦੋ ਤੇ ਚਾਰ ਨੀ
ਹਾਏ ਵੇ ਪੁੰਨੂੰ ਜ਼ਾਲਮਾਂ........

ਲੋਕ ਗਾਥਾ ਦੀਆਂ ਹੇਠ ਲਿਖੀਆਂ ਵਿਸ਼ੇਸ਼ਤਾਵਾਂ ਨਿਸ਼ਚਿਤ ਕੀਤੀਆਂ ਜਾ ਸਕਦੀਆਂ ਹਨ :

**ੳ) ਲੇਖਕ ਅਤੇ ਰਚਨਾ ਕਾਲ ਦਾ ਅਗਿਆਤ ਹੋਣਾ** : ਲੋਕ ਗਾਥਾਵਾਂ ਦੇ ਲੇਖਕ ਅਤੇ ਰਚਨਾ-ਕਾਲ ਦਾ ਆਮ ਤੌਰ ਤੇ ਪਤਾ ਨਹੀਂ ਲਗਦਾ। ਇਨ੍ਹਾਂ ਦਾ ਕੋਈ ਨਾ ਕੋਈ ਲੇਖਕ ਤਾਂ ਜ਼ਰੂਰ ਹੋਏਗਾ ਪਰ ਲੋਕ ਦੁਆਰਾ ਵਾਧ-ਘਾਟ ਤੇ ਸੁਧਾਰ ਹੋਣ ਨਾਲ ਇਹ ਸਮੂਹ ਦੀ ਰਚਨਾ ਬਣ ਜਾਂਦੀ ਹੈ। ਦੂਜੇ ਇਸ ਵਿਚ ਪ੍ਰਾਚੀਨ ਸਮਾਜ ਦਾ ਚਿਤ੍ਰਣ ਜ਼ਰੂਰ ਹੁੰਦਾ ਹੈ ਪਰ ਇਸਦਾ ਨਿਸ਼ਚਿਤ ਰਚਨਾ-ਕਾਲ ਪਤਾ ਨਹੀਂ ਲਗਦਾ।

**ਅ) ਸੰਗੀਤ** : ਲੋਕ ਗਾਥਾਵਾਂ ਗਾਈਆਂ ਜਾਂਦੀਆਂ ਹਨ। ਸੰਗੀਤ ਹੀ ਇਨ੍ਹਾਂ ਨੂੰ ਲੋਕ ਪ੍ਰਿਯ ਤੇ ਪ੍ਰਭਾਵਸ਼ਾਲੀ ਬਣਾਉਂਦਾ ਹੈ। ਇਹ ਸੰਗੀਤ ਵੀ ਲੋਕ ਸੰਗੀਤ ਹੀ ਹੁੰਦਾ ਹੈ, ਜੋ ਹਲਕੇ-ਫੁਲਕੇ ਰੂਪ ਵਿਚ ਸੁਰਾਂ ਦੇ ਉਤਾਰ-ਚੜ੍ਹਾ ਰਾਹੀਂ ਪ੍ਰਭਾਵ ਪਾਉਂਦਾ ਹੈ।

**ੲ) ਸੰਪੂਰਣ ਸਮਾਜ ਦੀ ਸਾਂਝੀ ਰਚਨਾ** : ਲੋਕ ਗਾਥਾ ਦੀ ਰਚਨਾਕਾਰ ਦੀ ਸ਼ਖ਼ਸੀਅਤ ਦੀ ਝਲਕ ਦੀ ਥਾਂ ਸਮੂਹਿਕ ਸਮਾਜ ਦੀ ਝਲਕ ਹੁੰਦੀ ਹੈ। ਇਸੇ ਲਈ ਇਨ੍ਹਾਂ ਵਿਚ "ਮੈਂ" ਅਕਸਰ ਨਹੀਂ ਮਿਲਦਾ। ਏਥੇ ਲੋਕ ਕਵੀ ਸਮੁਚੇ ਸਮਾਜ ਨਾਲ ਆਪਣਾ ਨਾਤਾ ਜੋੜਦਾ ਹੈ।

**ਸ) ਮੌਖਿਕਤਾ** : ਲੋਕ ਗਾਥਾਵਾਂ ਨੂੰ ਅਸੀਂ ਲੋਕ ਜ਼ਬਾਨ ਉੱਪਰ ਹੀ ਜੀਉਂਦਿਆਂ ਦੇਖਦੇ ਹਾਂ। ਅੱਜ ਭਾਵੇਂ ਇਹ ਲਿਖਤੀ ਰੂਪ ਵਿਚ ਵੀ ਪੇਸ਼ ਹੋ ਸਕਦੀਆਂ ਹਨ ਪਰ ਇਹ ਮੌਖਿਕ ਤੇ ਲੋਕ ਮੂੰਹ ਉੱਪਰ ਹੀ ਪ੍ਰਚਲਿਤ ਹਨ। ਇਸੇ ਲਈ ਇਨ੍ਹਾਂ ਦਾ ਨਿਰਮਾਤਾ ਲੋਕ-ਇਕਾਈ ਨੂੰ ਮੰਨਿਆ ਗਿਆ ਹੈ ਤੇ ਇਹ ਲੋਕ-ਸਮੂਹ ਵਿਚ ਇਕ ਪੀੜ੍ਹੀ ਤੋਂ ਦੂਜੀ ਪੀੜ੍ਹੀ ਤਕ ਚਲਦੀਆਂ ਜਾਂਦੀਆਂ ਹਨ।

**ਹ) ਵਿਸ਼ਾਲ ਕਥਾਨਕ** : ਲੋਕ ਗਾਥਾਵਾਂ ਵਿਚ ਲੰਬੀ ਕਹਾਣੀ ਹੁੰਦੀ ਹੈ, ਇਸੇ ਲਈ ਇਸ ਵਿਚ ਜੀਵਨ ਦੀਆਂ ਵਿਭਿੰਨ ਘਟਨਾਵਾਂ ਦਾ ਵਰਣਨ ਮਿਲਦਾ ਹੈ। ਕੁੱਝ ਲੋਕ ਗਾਥਾਵਾਂ ਛੋਟੇ ਆਕਾਰ ਵਾਲੀਆਂ ਵੀ ਹੁੰਦੀਆਂ ਹਨ। ਜ਼ਰੂਰੀ ਨਹੀਂ ਕਿ ਇਨ੍ਹਾਂ ਦਾ ਕਥਾਨਕ ਇਤਿਹਾਸਕ ਸੱਚਾਈ ਵਾਲਾ ਹੀ ਹੋਵੇ।

**ਕ) ਲੋਕ ਬੋਲੀ, ਮੁਹਾਵਰੇ, ਅਖਾਣ ਅਤੇ ਅਲੰਕਾਰ** : ਇਸ ਵਿਚ ਇਨ੍ਹਾਂ ਤੱਤਾਂ ਦੀ ਸੁਚੱਜੀ ਅਤੇ ਸਹਿਜ ਸੁਭਾਵਕ ਵਰਤੋਂ ਮਿਲਦੀ ਹੈ। ਇਸ ਵਿਚ ਬਨਾਉਟੀਪਨ ਨਹੀ ਹੁੰਦਾ।

**ਖ) ਭਾਵ ਤੇ ਕਲਪਨਾ** : ਲੋਕ ਗਾਥਾ ਦੀ ਸਰਲਤਾ ਤੇ ਸੁਭਾਵਕਤਾ ਬੜੇ ਸਹਿਜ ਰੂਪ ਵਿਚ ਭਾਵਾਂ ਨੂੰ ਜਗਾਉਂਦੀ ਹੈ ਅਤੇ ਇਸ ਵਿਚ ਕਲਪਨਾ ਦੀ ਵਰਤੋਂ ਵੀ ਬੜੀ ਸਰਲ ਮਿਲਦੀ ਹੈ।

1 ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿੱਤ, ਸਫ਼ਾ 139

**ਕ) ਯਥਾਰਥ ਚਿਤ੍ਰਣ** : ਲੋਕ ਗਾਥਾ ਵਿਚ ਕਲਪਨਾ ਨਾਲੋਂ ਯਥਾਰਥ ਦੀ ਪ੍ਰਧਾਨਤਾ ਹੁੰਦੀ ਹੈ।

ਲੋਕ ਗਾਥਾਵਾਂ ਦੇ ਕਈ ਪ੍ਰਕਾਰ ਹਨ। ਇਨ੍ਹਾਂ ਦੀਆਂ ਕੁੱਝ ਪ੍ਰਮੁੱਖ ਵੰਨਗੀਆਂ ਏਥੇ ਦਿੱਤੀਆਂ ਜਾਂਦੀਆਂ ਹਨ :

### 8.4.1 ਪ੍ਰੀਤ ਗਾਥਾਵਾਂ

ਪੰਜਾਬੀ ਲੋਕ ਸਾਹਿਤ ਵਿਚ ਪ੍ਰੀਤ ਗਾਥਾਵਾਂ ਨੂੰ ਬੜਾ ਉਚੇਰਾ ਦਰਜਾ ਪ੍ਰਾਪਤ ਹੈ। ਕੁੱਝ ਕੁ ਪ੍ਰਸਿੱਧ ਪ੍ਰੀਤ ਗਾਥਾਵਾਂ ਦੇ ਨਾਂ ਇਸ ਪ੍ਰਕਾਰ ਹਨ :
ਸੱਸੀ ਪੁਨੂੰ, ਸੋਹਣੀ ਮਹੀਂਵਾਲ, ਹੀਰ ਰਾਂਝਾ, ਮਿਰਜ਼ਾ ਸਾਹਿਬਾਂ ਆਦਿ।

### 8.4.2 ਬੀਰ ਗਾਥਾਵਾਂ

ਪੰਜਾਬ ਦੇ ਲੋਕ ਬੜੇ ਸੂਰਬੀਰ ਹਨ, ਇਸ ਲਈ ਸਾਨੂੰ ਪੰਜਾਬ ਦੇ ਲੋਕ ਸਾਹਿਤ ਵਿਚ ਕਈ ਬੀਰ ਗਾਥਾਵਾਂ ਪ੍ਰਚਲਿਤ ਹੋਈਆਂ ਮਿਲਦੀਆਂ ਹਨ ਜਿਨ੍ਹਾਂ ਵਿਚ ਕਿਸੇ ਬੀਰ ਨਾਇਕ ਦੀ ਬਹਾਦਰੀ ਤੇ ਉਤਸ਼ਾਹ ਭਰੇ ਕਾਰਨਾਮੇ ਬਿਆਨ ਕੀਤੇ ਗਏ ਹਨ। ਜਿਵੇਂ ਜੀਊਣਾ ਮੌੜ, ਦੁੱਲਾ ਭੱਟੀ, ਜੱਗਾ ਡਾਕੂ ਆਦਿ।

### 8.4.3 ਨੈਤਿਕ, ਧਾਰਮਿਕ ਗਾਥਾਵਾਂ

ਇਸ ਵਿਚ ਅਸੀ ਸਿੱਖ ਗੁਰੂ ਸਾਹਿਬਾਨ ਤੇ ਭਗਤਾਂ ਆਦਿ ਨਾਲ ਜੁੜੀਆਂ ਕਰਾਮਾਤਾਂ ਤੇ ਹੋਰ ਪ੍ਰਸੰਗਾਂ ਨੂੰ ਗਿਣ ਸਕਦੇ ਹਾਂ। ਜਿਵੇਂ ਪੂਰਨ ਭਗਤ, ਭਰਥਰੀ ਹਰੀ ਆਦਿ।

### 8.4.4 ਇਤਿਹਾਸਿਕ ਗਾਥਾਵਾਂ

ਜਿਵੇਂ ਗੁਰੂ ਕੇ ਬਾਗ ਦਾ ਮੋਰਚਾ, ਭਾਈ ਬਿਧੀ ਚੰਦ ਦੀ ਬਹਾਦਰੀ, ਸਾਹਿਬਜ਼ਾਦਿਆਂ ਦੀ ਸ਼ਹੀਦੀ, ਚਮਕੌਰ ਸਾਹਿਬ ਦਾ ਸਾਕਾ ਆਦਿ।

### 8.4.5 ਪੁਰਾਣਿਕ ਗਾਥਾਵਾਂ

ਜਿਵੇਂ ਗੁੱਗਾ ਪੀਰ ਦੀ ਕਥਾ ਆਦਿ।

**ਤੀਜਾ ਅਭਿਆਸ**

**ਨੋਟ:** ਹੇਠਾਂ ਤਿੰਨ ਸਵਾਲ ਦਿੱਤੇ ਹੋਏ ਹਨ। ਹਰ ਇਕ ਦੇ ਥੱਲੇ ਤਿੰਨ ਤਿੰਨ ਜਵਾਬ ਦਿੱਤੇ ਹੋਏ ਹਨ। ਤੁਸੀਂ ਕੇਵਲ ਠੀਕ ਜਵਾਬ ਉੱਤੇ ✓ ਦਾ ਨਿਸ਼ਾਨ ਲਾਉਣਾ ਹੈ। ਆਪਣੇ ਉੱਤਰ ਨੂੰ ਅੰਤ ਵਿਚ ਦਿੱਤੇ ਉੱਤਰਾਂ ਨਾਲ ਮੇਲ ਕੇ ਵੇਖੋ ਕਿ ਤੁਹਾਡੇ ਉੱਤਰ ਸਹੀ ਹਨ ਕਿ ਨਹੀਂ।

1 ਲੋਕ ਗਾਥਾ ਕੀ ਹੈ ?
   ੳ) ਲੋਕ ਕਾਵਿ ਰੂਪ ਹੈ
   ਅ) ਲੋਕ ਕਥਾ ਰੂਪ ਹੈ
   ੲ) ਲੋਕ ਗੀਤ ਦਾ ਰੂਪ ਹੈ
2 ਲੋਕ ਗਾਥਾ ਦੇ ਦੋ ਤੱਤ ਕਿਹੜੇ ਹਨ ?
   ੳ) ਨਾਟਕ ਤੇ ਛੰਦ
   ਅ) ਕਥਾ ਤੇ ਗੀਤ
   ੲ) ਘਟਨਾ ਤੇ ਸੰਗੀਤ
3 'ਜੀਓਣਾ ਮੌੜ' ਕੀ ਹੈ ?
   ੳ) ਪ੍ਰੀਤ ਗਾਥਾ
   ਅ) ਬੀਰ ਗਾਥਾ
   ੲ) ਇਤਿਹਾਸਕ ਗਾਥਾ

## 8.5 ਲੋਕ ਕਹਾਣੀ

ਕਹਾਣੀ ਸੁਨਣ- ਸੁਨਾਉਣ ਦੀ ਪ੍ਰਵਿਰਤੀ ਮਨੁੱਖ ਦੀ ਮੁੱਢਲੀ ਪ੍ਰਵਿਰਤੀ ਹੈ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਮਨੁੱਖ ਦੇ ਜਨਮ ਦੇ ਨਾਲ ਹੀ ਲੋਕ ਕਹਾਣੀ ਦਾ ਜਨਮ ਹੋ ਗਿਆ ਸੀ। ਆਮ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਮੁੱਢਲੇ ਮਨੁੱਖ ਨੇ ਪ੍ਰਕਿਰਤੀ ਦੀਆਂ ਵੱਖ-ਵੱਖ ਵਸਤਾਂ ਨੂੰ ਦੇਖਿਆ, ਇਨ੍ਹਾਂ ਨੂੰ ਮਨੁੱਖੀ ਕਾਰ-ਵਿਹਾਰ ਨਾਲ ਜੋੜਿਆ ਤਾਂ ਇਹ ਗੱਲਾਂ ਲੋਕ ਕਹਾਣੀਆਂ ਦੇ ਜਨਮ ਦਾ ਮੁੱਢਲਾ ਆਧਾਰ ਬਣੀਆਂ। ਏਸੇ ਲਈ ਲੋਕ ਕਹਾਣੀਆਂ ਵਿਚ ਮਨੁੱਖੀ ਪਾਤਰਾਂ ਤੋਂ ਅਲਾਵਾ ਪਸ਼ੂ, ਪੰਛੀ ਅਤੇ ਪ੍ਰਕਿਰਤੀ ਦੇ ਹੋਰ ਅੰਗ ਪਾਤਰਾਂ ਦੇ ਰੂਪ ਵਿਚ ਸ਼ਾਮਲ ਹੁੰਦੇ ਹਨ। ਇਹ ਕਹਾਣੀਆਂ ਪਹਿਲਾਂ ਮੌਖਿਕ ਰੂਪ ਵਿਚ ਪ੍ਰਚਲਿਤ ਹੋਈਆਂ ਅਤੇ ਫਿਰ ਪਰੰਪਰਾਗਤ ਰੂਪ ਵਿਚ ਇਕ ਪੀੜ੍ਹੀ ਤੋਂ ਅਗਲੀ ਪੀੜ੍ਹੀ ਤਕ ਪੁੱਜਦੀਆਂ ਤੇ ਵਿਕਸਿਤ ਹੁੰਦੀਆਂ ਰਹੀਆਂ।

ਲੋਕ ਕਹਾਣੀ ਵਿਚ ਲੋਕ ਜੀਵਨ ਦੇ ਸੁੱਖ-ਦੁੱਖ, ਰੀਤੀ ਰਿਵਾਜ, ਵਿਸ਼ਵਾਸ-ਮਨੌਤਾਂ, ਪਰੰਪਰਾਵਾਂ ਆਦਿ ਅਭਿਵਿਅਕਤ

ਹੁੰਦੀਆਂ ਹਨ। ਇਸ ਤਰ੍ਹਾਂ ਲੋਕ ਕਹਾਣੀ ਸ਼ਬਦ ਮੋਟੇ ਤੌਰ ਤੇ ਲੋਕ ਪ੍ਰਚਲਿਤ ਕਹਾਣੀਆਂ ਲਈ ਹੈ, ਜੋ ਮੌਖਿਕ ਰੂਪ ਵਿੱਚ ਪਰੰਪਰਾਗਤ ਤੌਰ ਤੇ ਚਲੀਆਂ ਆਉਂਦੀਆਂ ਹਨ।

ਲੋਕ ਕਹਾਣੀਆਂ ਵਿਚ ਭਾਗਵਾਦੀ ਵਿਸ਼ਵਾਸ ਦਾ ਢਾਂਚਾ ਹੁੰਦਾ ਹੈ, ਜਿਨ੍ਹਾਂ ਵਿਚ ਕਈ ਤਰ੍ਹਾਂ ਦੀਆਂ ਘਟਨਾਵਾਂ ਬੜੀ ਸਹਿਜ ਸ਼ੈਲੀ ਵਿਚ ਬਿਆਨ ਕੀਤੀਆਂ ਹੁੰਦੀਆਂ ਹਨ।

ਲੋਕ ਕਹਾਣੀ ਦੇ ਹੇਠ ਲਿਖੇ ਤੱਤ ਪ੍ਰਵਾਨ ਕੀਤੇ ਜਾ ਸਕਦੇ ਹਨ।

**ਕਥਾਵਸਤੂ** : ਲੋਕ ਕਹਾਣੀ ਦੀ ਕਥਾ ਵਸਤੂ ਬੜੀ ਸਰਲ ਤੇ ਸਿੱਧ-ਪਧਰੀ ਹੁੰਦੀ ਹੈ।

**ਪਾਤਰ** : ਇਨ੍ਹਾਂ ਵਿਚ ਮਨੁੱਖ ਤੋਂ ਅਲਾਵਾ ਪਸ਼ੂ-ਪੰਛੀ, ਪੌਰਾਣਿਕ ਦੇਵੀ ਦੇਵਤੇ ਆਦਿ ਆ ਜਾਂਦੇ ਹਨ।

**ਵਾਰਤਾਲਾਪ** : ਇਨ੍ਹਾਂ ਦੇ ਸੰਬਾਦ ਬੜੇ ਸਪਸ਼ਟ ਤੇ ਸਥੂਲ ਹੁੰਦੇ ਹਨ। ਅਕਸਰ ਪਸ਼ੂ-ਪੰਛੀ ਵੀ ਮਨੁੱਖਾਂ ਵਾਂਗ ਬੋਲਦੇ ਦਿਖਾਏ ਜਾਂਦੇ ਹਨ।

**ਚਰਿਤ੍ਰ ਚਿਤ੍ਰਣ** : ਚਰਿਤ੍ਰਾਂ ਦੇ ਵਿਕਾਸ ਦਾ ਕੋਈ ਮੌਕਾ ਨਹੀ ਹੁੰਦਾ ਪਰ ਅਲੋਕਿਕਤਾ ਆਮ ਤੌਰ ਤੇ ਹੁੰਦੀ ਹੈ।

**ਵਾਤਾਵਰਣ** : ਵਾਤਾਵਰਣ ਆਮ ਤੌਰ ਤੇ ਪ੍ਰਕਿਰਤਕ, ਸੁਖਦਾਈ ਤੇ ਪੇਂਡੂ ਹੁੰਦਾ ਹੈ।

**ਸ਼ੈਲੀ** : ਸੁਭਾਵਕ ਕਥਨ-ਢੰਗ, ਲੋਕ ਬੋਲੀ, ਸਹਿਜ ਵਰਣਨ ਆਦਿ ਕਾਰਨ ਸ਼ੈਲੀ ਬਨਾਉਟੀ ਰੰਗ ਤੋਂ ਬਹੁਤ ਦੂਰ ਹੁੰਦੀ ਹੈ।

**ਉਦੇਸ਼** : ਇਨ੍ਹਾਂ ਦਾ ਉਦੇਸ਼ ਮਨੋਰੰਜਨ ਤੇ ਉਪਦੇਸ਼ ਦੇਣਾ ਹੁੰਦਾ ਹੈ।

**ਲੋਕ-ਮਾਨਸ** : ਲੋਕ ਕਹਾਣੀਆਂ ਵਿਚ ਲੋਕ ਮਨ ਤੇ ਲੋਕ ਜੀਵਨ ਸੰਬੰਧਿਤ ਕਈ ਰੂੜੀਆਂ ਪ੍ਰਚਲਿਤ ਹਨ ਜੋ ਲੋਕ ਪਰੰਪਰਾ ਦੇ ਇਕ ਜ਼ਰੂਰੀ ਅੰਗ ਵਜੋਂ ਪ੍ਰਚਲਿਤ ਮਿਲਦੀਆਂ ਹਨ।

**ਘਟਨਾ** : ਲੋਕ ਕਹਾਣੀਆਂ ਵਿਚ ਸੰਭਵ, ਅਸੰਭਵ ਸਭ ਤਰ੍ਹਾਂ ਦੀਆਂ ਘਟਨਾਵਾਂ ਆ ਜਾਂਦੀਆਂ ਹਨ।

**ਲੋਕ ਕਹਾਣੀਆਂ ਦਾ ਵਰਗੀਕਰਣ** : ਲੋਕ ਕਹਾਣੀਆਂ ਦਾ ਖੇਤਰ ਬਹੁਤ ਵਿਸ਼ਾਲ ਹੈ ਇਸੇ ਲਈ ਇਨ੍ਹਾਂ ਨੂੰ ਸੀਮਿਤ ਤਾਂ ਨਹੀਂ ਕੀਤਾ ਜਾ ਸਕਦਾ ਪਰ ਫਿਰ ਵੀ ਕੁਝ ਵਰਗ ਬਣਾ ਲਈਏ ਤਾਂ ਇਨ੍ਹਾਂ ਦੀ ਚੰਗੀ ਸਮਝ ਹਾਸਲ ਹੋ ਸਕਦੀ ਹੈ। ਲੋਕ ਕਹਾਣੀਆਂ ਦੇ ਹੇਠ ਲਿਖੇ ਪ੍ਰਸਿੱਧ ਰੂਪ ਮਿਲਦੇ ਹਨ :

### 8.5.1 ਨੀਤੀ ਕਥਾ

ਇਸ ਨੂੰ ਅੰਗ੍ਰੇਜ਼ੀ ਵਿਚ ਫ਼ੇਬਲ (Fable) ਕਿਹਾ ਜਾਂਦਾ ਹੈ। ਇਸ ਲੋਕ ਕਹਾਣੀ ਰਾਹੀਂ ਮਨੁੱਖਾਂ ਨੂੰ ਉਪਦੇਸ਼ ਦਿੱਤਾ ਜਾਂਦਾ ਹੈ। ਇਨ੍ਹਾਂ ਕਹਾਣੀਆਂ ਵਿਚ ਪਸ਼ੂ-ਪੰਛੀ ਮਨੁੱਖਾਂ ਵਾਂਗ ਬੋਲਦੇ ਤੇ ਕਾਰਜ ਕਰਦੇ ਹਨ। ਇਨ੍ਹਾਂ ਦਾ ਮੁੱਖ ਉਦੇਸ਼ ਮਨੁੱਖ ਨੂੰ ਨੈਤਿਕ ਸਿਖਿਆ ਦੇਣਾ ਹੁੰਦਾ ਹੈ। ਨੈਤਿਕ ਸਿਖਿਆ ਕਰਕੇ ਹੀ ਇਹ ਸਮਝਿਆ ਜਾਂਦਾ ਹੈ ਕਿ ਇਹ ਕਿਸੇ ਸਭਿਅ ਸਮਾਜ ਦੀ ਸਮੂਹਿਕ ਰਚਨਾ ਹੋਵੇਗੀ। ਇਨ੍ਹਾਂ ਵਿਚ ਸਿੱਖਿਆ ਵੀ ਹੁੰਦੀ ਹੈ ਤੇ ਵਿਅੰਗ ਵੀ। ਪੰਜਾਬੀ ਵਿਚ ਪ੍ਰਚਲਿਤ ਇਨ੍ਹਾਂ ਕਹਾਣੀਆਂ ਵਿੱਚ ਲੂੰਮੜੀ ਦੀ ਕਹਾਣੀ ਮਸ਼ਹੂਰ ਹੈ, ਜਿੱਥੇ ਉਹ ਅੰਗੂਰਾਂ ਤੱਕ ਉੱਛਲ ਉੱਛਲ ਕੇ ਪਹੁੰਚਣਾ ਚਾਹੁੰਦੀ ਹੈ ਪਰ ਨਹੀਂ ਪੁੱਜਦੀ ਤੇ 'ਆਖੇ ਥੂ ਕਉੜੀ' ਕਹਿ ਕੇ ਬੈਠ ਜਾਂਦੀ ਹੈ। ਇਸ ਤੋਂ ਅਲਾਵਾ ਪੰਚਤੰਤਰ ਦੀਆਂ ਕਹਾਣੀਆਂ ਵੀ ਲੋਕ ਜੀਵਨ ਵਿੱਚ ਬਹੁਤ ਪ੍ਰਚਲਿਤ ਹਨ।

### 8.5.2 ਪੁਰਾਣ ਕਥਾ

ਪੁਰਾਣ ਕਥਾਵਾਂ ਧਰਮ ਨਾਲ ਜੁੜੀਆਂ ਹੁੰਦੀਆਂ ਹਨ ਅਤੇ ਬਹੁਤ ਪ੍ਰਾਚੀਨ ਹਨ। ਇਨ੍ਹਾਂ ਵਿਚ ਧਾਰਮਿਕ ਵਿਸ਼ਵਾਸ, ਸ੍ਰਿਸ਼ਟੀ ਸੰਬੰਧੀ ਘਟਨਾਵਾਂ ਅਤੇ ਆਤਮਕ ਤੇ ਅਧਿਆਤਮਕ ਸੱਚਾਈਆਂ ਨੂੰ ਬਿਆਨ ਕੀਤਾ ਜਾਂਦਾ ਹੈ। ਅੰਗ੍ਰੇਜ਼ੀ ਵਿਚ ਇਨ੍ਹਾਂ ਨੂੰ 'ਮਿਥ' (Myth) ਕਿਹਾ ਜਾਂਦਾ ਹੈ।

ਪੌਰਾਣਿਕ ਕਥਾਵਾਂ ਵਿਚ ਮੁੱਖ ਤੌਰ ਤੇ ਪ੍ਰਕਿਰਤਕ ਸ਼ਕਤੀ ਤੇ ਰਹੱਸਮਈ ਜਗਤ ਨੂੰ ਸਮਝਾਉਣ ਦੀ ਕੋਸ਼ਸ਼ ਕੀਤੀ ਹੁੰਦੀ ਹੈ। ਪੌਰਾਣਿਕ ਕਥਾ ਦੀ ਵਿਸ਼ੇਸ਼ਤਾ ਇਹ ਹੈ ਕਿ ਇਸਦੀ ਪਿੱਠਭੂਮੀ ਧਾਰਮਕ ਹੁੰਦੀ ਹੈ ਅਤੇ ਇਸਦੇ ਮੁੱਖ ਪਾਤਰ ਦੇਵੀ-ਦੇਵਤਾ ਹੁੰਦੇ ਹਨ।

### 8.5.3 ਦੰਦ ਕਥਾ

ਇਹ ਉਹ ਕਹਾਣੀਆਂ ਹਨ ਜਿਥੇ ਮਨੁੱਖਾਂ ਨੂੰ ਪੌਰਾਣਿਕ ਗੁਣਾਂ ਨਾਲ ਜੋੜ ਦਿੱਤਾ ਜਾਂਦਾ ਹੈ। ਇਸ ਵਿਚ ਦੇਵੀ ਦੇਵਤਿਆਂ ਨਾਲੋਂ ਇਤਿਹਾਸਕ ਜਾਂ ਅਰਧ-ਇਤਿਹਾਸਕ ਮਨੁੱਖੀ ਪਾਤਰ ਆਉਂਦੇ ਹਨ। ਇਹ ਪੁਰਾਣ ਕਥਾਵਾਂ ਦੇ ਟਾਕਰੇ ਤੋਂ ਵਧੇਰੇ ਵਾਸਤਵਿਕ, ਗਤੀਸ਼ੀਲ ਤੇ ਸਜੀਵ ਕਹਾਣੀਆਂ ਹਨ। ਦੰਦ ਕਥਾਵਾਂ ਦਾ ਕਿਸੇ ਯਥਾਰਥਕ ਇਤਿਹਾਸਕ ਬਿੰਦੂ ਨਾਲ ਸੰਬੰਧਿਤ ਹੋਣਾ ਜ਼ਰੂਰੀ ਹੁੰਦਾ ਹੈ। ਇਸ ਵਿਚ ਭਾਵੇਂ ਕਲਪਨਾ ਦੀ ਪ੍ਰਧਾਨਤਾ ਹੋਵੇ ਪਰ ਲੋਕ ਮਨ ਉਸ ਨੂੰ ਇਤਿਹਾਸਕ ਮਹੱਤਵ ਦੇ ਦੇਂਦਾ ਹੈ।

ਕਿਸੇ ਉਚੇਰੇ ਪੁਰਸ਼ ਦੀ ਧਰਮ ਦੇ ਨਾਂ ਤੇ ਬਲੀਦਾਨ ਹੋਣ ਦੀ ਕਹਾਣੀ ਨੂੰ ਦੰਦ ਕਥਾ ਕਿਹਾ ਜਾਂਦਾ ਹੈ, ਜੋ ਲੋਕਾਂ ਵਿਚ ਸ਼ਰਧਾਵਸ ਪ੍ਰਚਲਿਤ ਹੋ ਜਾਂਦੀ ਹੈ। ਸ਼ਰਧਾਵਸ ਵੀ ਲੋਕ ਉਸ ਨਾਇਕ ਨਾਲ ਦੇਵੀ ਤੇ ਅਲੋਕਿਕ ਵਿਸ਼ਵਾਸ ਜੋੜ ਦੇਂਦਾ ਹੈ। ਇਸ ਤਰ੍ਹਾਂ ਦੰਦ ਕਥਾ ਵਿਚ ਤੱਥ ਤੇ ਪਰੰਪਰਾ ਦੋਵੇਂ ਤੱਤ ਮੌਜੂਦ ਹੁੰਦੇ ਹਨ। ਅਜਿਹੀਆਂ ਕੁੱਝ ਪ੍ਰਸਿੱਧ

ਕਹਾਣੀਆਂ ਹਨ : ਰਾਜਾ ਰਸਾਲੂ, ਭਗਤ ਕਬੀਰ ਬਾਰੇ ਪ੍ਰਸਿੱਧ ਦੰਦ ਕਥਾ, ਗੁਰੂ ਨਾਨਕ ਦੇਵ ਬਾਰੇ ਪ੍ਰਚਲਿਤ ਦੰਦ ਕਥਾਵਾਂ, ਬਾਬਾ ਦੀਪ ਸਿੰਘ ਬਾਰੇ ਦੰਦ ਕਥਾਵਾਂ ਆਦਿ।

### 8.5.4 ਪਰੀ ਕਥਾ

ਪਰੀ, ਆਕਾਸ਼ ਵਿਚ ਉੱਡਣ ਵਾਲੀ ਤੇ ਦੂਰ ਨਿਵਾਸ ਕਰਨ ਵਾਲੀ ਇੱਕ ਅਮਾਨਵੀ ਔਰਤ ਹੈ, ਜਿਸ ਦੀ ਅਲੋਕਿਕ ਸੁੰਦਰਤਾ ਸੱਭ ਨੂੰ ਮੋਹ ਲੈਂਦੀ ਹੈ। ਪਰੀਆਂ ਨਾਲ ਸੰਬੰਧਿਤ ਕਹਾਣੀਆਂ ਦਾ ਮੁੱਖ ਉਦੇਸ਼ ਜੀਅ-ਪਰਚਾਵਾ ਹੈ।

ਅੰਗਰੇਜ਼ੀ ਵਿਚ ਇਸ ਨੂੰ Fairytale ਕਿਹਾ ਜਾਂਦਾ ਹੈ। ਇਹ ਅਦਿੱਖ ਜੀਵ ਕਿਤੇ ਤਾਂ ਮਨੁੱਖਾਂ ਦੇ ਸ਼ਹਾਇਕ ਤੇ ਗੁਲਾਮ ਹਨ ਅਤੇ ਕਿਤੇ ਖ਼ਤਰਨਾਕ ਤੇ ਦੁਸ਼ਟ ਹਨ। ਇਸ ਲਈ ਕਿਤੇ ਇਹ ਮਨੁੱਖਾ ਦੀ ਸਹਾਇਤਾ ਕਰਨ ਵਾਲੇ ਹਨ, ਕਿਤੇ ਨੁਕਸਾਨ ਪਹੁੰਚਾਉਣ ਵਾਲੇ ਹਨ। ਪਰੀਆਂ ਤਾਂ ਪ੍ਰੇਮਿਕਾ ਦੇ ਰੂਪ ਵਿਚ ਵੀ ਆਈਆ ਹਨ। ਪਰੀਆਂ ਆਮ ਤੌਰ ਤੇ ਸਹਾਇਤਾ ਕਰਨ ਵਾਲੀਆਂ ਹਨ ਅਤੇ ਚੁੜੇਲਾਂ ਨੁਕਸਾਨ ਪਹੁੰਚਾਉਣ ਵਾਲੀਆਂ। ਪਰੀਆਂ ਸੈਰ ਕਰਾਉਣ ਲਈ ਮਨੁੱਖਾਂ ਜਾਂ ਬੱਚਿਆਂ ਨੂੰ ਉਡਾ ਕੇ ਵੀ ਲੈ ਜਾਂਦੀਆਂ ਦੱਸੀਆਂ ਗਈਆਂ ਹਨ, ਇਸ ਲਈ ਬੱਚਿਆ ਦੇ ਮਨ ਵਿਚ ਇਨ੍ਹਾਂ ਕਹਾਣੀਆਂ ਬਾਰੇ ਖ਼ਾਸ ਖਿੱਚ ਹੁੰਦੀ ਹੈ।

### 8.5.5 ਪ੍ਰੇਤ ਕਥਾ

ਇਹ ਉਹ ਕਹਾਣੀਆਂ ਹਨ ਜੋ ਗੈਰ-ਮਨੁੱਖੀ ਪਾਤਰਾਂ ਜਿਵੇਂ ਜਿੰਨ, ਭੂਤ, ਚੁੜੈਲ, ਡੈਣ ਆਦਿ ਨਾਲ ਸੰਬੰਧਿਤ ਹਨ। ਇਨ੍ਹਾਂ ਪਾਤਰਾਂ ਕੋਲ ਪਰਾਸਰੀਰਕ ਤਾਕਤਾਂ ਹੁੰਦੀਆਂ ਹਨ ਜੋ ਅਸੰਭਵ ਨੂੰ ਸੰਭਵ ਕਰ ਦਿਖਾਉਂਦੀਆਂ ਹਨ। ਭਾਵੇਂ ਵਿਗਿਆਨ ਅਜਿਹੀਆਂ ਤਾਕਤਾਂ ਨੂੰ ਨਹੀਂ ਮੰਨਦੀ ਪਰ ਲੋਕ ਮਨ ਇਨ੍ਹਾਂ ਵਿਚ ਪੂਰਾ ਵਿਸ਼ਵਾਸ ਰੱਖਦਾ ਹੈ। ਇਹ ਦੇਵੀ ਸ਼ਕਤੀਆਂ ਰੂਪ ਵੀ ਬਦਲ ਲੈਂਦੀਆਂ ਹਨ। ਇਨ੍ਹਾਂ ਦਾ ਸੰਬੰਧ ਜਾਦੂ-ਟੂਣਿਆਂ ਅਤੇ ਮੰਤਰਾਂ ਨਾਲ ਹੈ। ਇਨ੍ਹਾਂ ਕਹਾਣੀਆਂ ਵਿਚ ਜੰਗਲਾਂ, ਮੜੀ-ਮਸਾਣਾਂ ਤੇ ਸੁੰਨਸਾਨ ਥਾਵਾਂ ਦਾ ਬਹੁਤ ਵਰਣਨ ਮਿਲਦਾ ਹੈ।

### 8.5.6 ਪਸ਼ੂ ਕਥਾ

ਇਹ ਲੋਕ ਕਹਾਣੀ ਦਾ ਮੁੱਢਲਾ ਰੂਪ ਹਨ, ਇਨ੍ਹਾਂ ਵਿਚ ਪਸ਼ੂ-ਪੰਛੀ, ਮਨੁੱਖਾਂ ਦਾ ਰੂਪ ਧਾਰ ਕੇ ਬੋਲਦੇ, ਕੰਮ ਕਰਦੇ ਸੋਚਦੇ ਤੇ ਨੱਚਦੇ ਕੁੱਦਦੇ ਦਿਖਾਏ ਜਾਂਦੇ ਹਨ ਅਤੇ ਇਸ ਵਿਚ ਜਰੂਰੀ ਉਪਦੇਸ ਗ੍ਰਹਿਣ ਕਰਾਏ ਜਾਂਦੇ ਹਨ।

### 8.5.7 ਬੁਝਾਵਲ ਕਥਾ

ਇਸ ਵਿਚ ਕੋਈ ਬੁਝਾਰਤ ਜਾਂ ਸਮੱਸਿਆ ਦੇ ਆਧਾਰ ਤੇ ਕਹਾਣੀ ਬਣੀ ਹੋਈ ਹੁੰਦੀ ਹੈ। ਇਸ ਵਿਚ ਨੀਤੀ ਜਾਂ ਉਪਦੇਸ਼ ਦੀਆਂ ਗੱਲਾਂ ਵੀ ਸਮਝਾਈਆਂ ਜਾਂਦੀਆਂ ਹਨ। ਇਨ੍ਹਾਂ ਕਹਾਣੀਆਂ ਦੀ ਖ਼ੂਬਸੂਰਤੀ ਇਹ ਹੈ ਕਿ ਅਖੀਰ ਤੇ ਗੁੰਝਲ ਨੂੰ ਸੂਝਮਈ ਢੰਗ ਨਾਲ ਖੋਲ੍ਹ ਕੇ ਸਮੱਸਿਆ ਨੂੰ ਹੱਲ ਕੀਤਾ ਜਾਂਦਾ ਹੈ।

ਇਸ ਵਿਚ ਬੁਝਾਰਤ ਦੀ ਹੀ ਵਿਆਖਿਆ ਕੀਤੀ ਹੁੰਦੀ ਹੈ ਤੇ ਕਈ ਸੰਕੇਤ ਤੇ ਚਿੰਨ੍ਹ ਵਰਤ ਕੇ ਉਤਸੁਕਤਾ ਬਣਾਈ ਹੁੰਦੀ ਹੈ। ਇਸ ਕਹਾਣੀ ਦਾ ਮੰਤਵ ਸੂਝ, ਸਿਆਣਪ ਦੀ ਪਰਖ ਕਰਨਾ ਹੁੰਦਾ ਹੈ। ਇਸੇ ਲਈ ਇਹ ਇਕ ਤਰ੍ਹਾਂ ਦੀ ਦਿਮਾਗੀ ਕਸਰਤ ਹੁੰਦੀ ਹੈ।

### 8.5.8 ਟੋਟਕੇ ਜਾਂ ਹਿਕਾਇਤ

ਇਨ੍ਹਾਂ ਵਿਚ ਬਿਆਨ ਕੀਤੀ ਘਟਨਾ ਭਾਵੇਂ ਬਹੁਤ ਹੀ ਸੰਖੇਪ ਤੇ ਇਕਹਿਰੀ ਹੁੰਦੀ ਹੈ ਪਰ ਉਹ ਬਹੁਤ ਅਦਭੁਤ, ਵਿਚਿਤਰ ਤੇ ਰਸਮਈ ਵੀ ਹੁੰਦੀ ਹੈ। ਇਨ੍ਹਾਂ ਕਹਾਣੀਆਂ ਦੀ ਖ਼ੂਬੀ ਇਹ ਹੈ ਕਿ ਇਹ ਜੀਵਨ ਦੀਆਂ ਸੱਚਾਈਆਂ ਨਾਲ ਭਰੀਆਂ ਹੁੰਦੀਆਂ ਹਨ।

ਇਹ ਬੜੀ ਲੋਕ ਪ੍ਰਿਯ ਕਹਾਣੀ ਹੈ, ਜਿੱਥੇ ਜੀਵਨ ਦੀ ਕਿਸੇ ਅਸਲੀਅਤ ਨੂੰ ਪੇਸ਼ ਕੀਤਾ ਹੁੰਦਾ ਹੈ। ਪੰਜਾਬੀ ਵਿਚ ਸ਼ੇਖਚਿੱਲੀ ਤੇ ਅਕਬਰ-ਬੀਰਬਲ ਨਾਲ ਜੁੜੀਆਂ ਅਜਿਹੀਆਂ ਕਈ ਕਹਾਣੀਆਂ ਪ੍ਰਚਲਿਤ ਹਨ। ਇਹ ਕਹਾਣੀਆਂ ਰੋਚਕ ਵੀ ਹੁੰਦੀਆਂ ਹਨ ਤੇ ਜੀਵਨ ਦੀ ਅਨੁਭਵੀ ਸੂਝ ਵੀ ਪੇਸ਼ ਕਰਦੀਆਂ ਹਨ।

**ਚੌਥਾ ਅਭਿਆਸ**

**ਨੋਟ:** ਹੇਠਾਂ ਦੋ ਸਵਾਲ ਦਿੱਤੇ ਹੋਏ ਹਨ। ਹਰ ਇਕ ਦੇ ਥਲੇ ਤਿੰਨ-ਤਿੰਨ ਜਵਾਬ ਦਿੱਤੇ ਹੋਏ ਹਨ। ਤੁਸੀਂ ਕੇਵਲ ਠੀਕ ਜਵਾਬਾਂ ਉੱਤੇ ਹੀ ✓ ਦਾ ਨਿਸ਼ਾਨ ਲਾਉਣਾ ਹੈ। ਜਵਾਬ ਅਖੀਰ ਵਿਚ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ।

1 ਲੂੰਮੜੀ ਦੀ ਅੰਗੂਰਾ ਤਕ ਉਛਲ ਕੇ ਪਹੁੰਚਣ ਵਾਲੀ ਕਹਾਣੀ ਕੀ ਹੈ ?
 ੳ) ਪੁਰਾਣ ਕਥਾ ਹੈ।
 ਅ) ਨੀਤੀ ਕਥਾ ਹੈ।
 ੲ) ਪਸ਼ੂ ਕਥਾ ਹੈ।

2 ਰਾਜਾ ਰਸਾਲੂ ਦੀ ਕਥਾ ਕੀ ਹੈ।
 ੳ) ਪਰੀ ਕਥਾ ਹੈ।
 ਅ) ਦੰਦ ਕਥਾ ਹੈ।
 ੲ) ਬੁਝਾਵਲ ਕਥਾ ਹੈ।

## 8.6 ਲੋਕ ਨਾਟਕ

ਲੋਕ ਨਾਟਕ ਦਾ ਸੰਬੰਧ ਲੋਕ ਸਾਹਿਤ ਨਾਲ ਵੀ ਹੈ ਅਤੇ ਇਹ ਲੋਕ ਕਲਾ ਦਾ ਅੰਗ ਵੀ ਹੈ। ਲੋਕ ਨਾਟਕ ਵਿਚ ਗੀਤ, ਸੰਗੀਤ ਅਤੇ ਨਾਚ ਦਾ ਸੰਗਮ ਹੁੰਦਾ ਹੈ। ਕਰਨੈਲ ਸਿੰਘ ਥਿੰਦ ਨੇ ਲੋਕ ਨਾਟਕ ਨੂੰ ਇਉਂ ਸਪਸ਼ਟ ਕੀਤਾ ਹੈ:

"ਲੋਕ ਨਾਟਕ ਕੁਦਰਤ ਦੇ ਖੁਲ੍ਹੇ ਵਾਯੂਮੰਡਲ ਵਿਚ ਖੇਡੇ ਜਾਣ ਵਾਲਾ ਪਰੰਪਰਾ ਦੇ ਅੰਸ਼ਾਂ ਨਾਲ ਭਰਪੂਰ ਅਜਿਹਾ ਨਾਟਕ ਹੈ ਜਿਸ ਵਿਚ ਲੋਕ ਪ੍ਰਿਯ ਕਥਾਨਕ ਨੂੰ ਵੰਨ-ਸੁਵੰਨੇ ਪਾਤਰਾਂ ਦੁਆਰਾ ਲੋਕ ਗੀਤਾਂ ਤੇ ਲੋਕ ਨਾਚਾਂ ਦੀ ਸਹਾਇਤਾ ਨਾਲ ਪੇਸ਼ ਕੀਤਾ ਗਿਆ ਹੋਵੇ। ਲੋਕ ਨਾਟਕ ਦੁਆਰਾ ਲੋਕ ਜੀਵਨ ਦਾ ਇਤਿਹਾਸ ਪੂਰੀ ਤਰ੍ਹਾਂ ਪ੍ਰਤਿਬਿੰਬਿਤ ਹੁੰਦਾ ਹੈ"।[2]

ਲੋਕ ਨਾਟਕ ਦਾ ਮੁੱਢ ਮਨੁੱਖ ਦੁਆਰਾ ਆਪਣੀਆਂ ਭਾਵਨਾਵਾਂ ਨੂੰ ਅਭਿਵਿਅਕਤ ਕਰਨ ਲਈ ਸ਼ਰੀਰਕ ਅੰਗਾਂ ਤੇ ਹਰਕਤਾਂ ਦੇ ਰੂਪ ਵਿਚ ਹੋਇਆ ਹੋਏਗਾ ਅਤੇ ਮਗਰੋਂ ਮਨੁੱਖੀ ਚੇਤਨਾ ਤੇ ਸਮਾਜਿਕਤਾ ਦੀ ਭਾਵਨਾ ਦੇ ਵਿਕਾਸ ਨਾਲ ਵਿਕਸਤ ਹੋਇਆ ਹੋਏਗਾ। ਇਸਤੋਂ ਅਲਾਵਾ ਨਕਲ ਉਤਾਰਨਾ, ਲੋਕ ਜੀਵਨ ਦਾ ਬੜਾ ਮਨੋਰੰਜਕ ਪੱਖ ਰਿਹਾ ਹੈ, ਜਿਸਦਾ ਲੋਕ ਨਾਟਕ ਦੀ ਪਰੰਪਰਾ ਨਾਲ ਸਿੱਧਾ ਸੰਬੰਧ ਹੈ।

ਲੋਕ ਨਾਟਕਾਂ ਦੀ ਭਾਸ਼ਾ ਕਾਵਿਮਈ ਹੁੰਦੀ ਹੈ। ਇਹ ਨਾਟਕ ਸਮੂਹਿਕ ਅਭਿਵਿਅਕਤੀ ਦੇ ਸਾਧਨ ਹਨ ਇਸ ਲਈ ਕਵਿਤਾ ਵਿਚ ਸਮੂਹ ਦੀ ਕਲਪਨਾ, ਸ਼ਕਤੀ ਤੇ ਭਾਵਾਂ ਨੂੰ ਪੇਸ਼ ਕਰਨ ਦੀ ਸਮੱਰਥਾ ਹੁੰਦੀ ਹੈ ਜਦਕਿ ਵਾਰਤਕ ਦਾ ਪ੍ਰਭਾਵ ਘੱਟ ਹੁੰਦਾ ਹੈ।

ਲੋਕ ਨਾਟਕ ਦਾ ਕਥਾਨਕ ਸਮਾਜਕ ਰੂਪ ਵਾਲਾ ਵੀ ਹੁੰਦਾ ਹੈ ਪਰ ਇਹ ਪੌਰਾਣਿਕ ਤੇ ਇਤਿਹਾਸਿਕ ਰੂਪ ਵਾਲਾ ਵਧੇਰੇ ਹੁੰਦਾ ਹੈ।

ਲੋਕ ਨਾਟਕਾਂ ਦੀ ਰਚਨਾ ਲੋਕ ਰੁਚੀ ਦੇ ਅਨੁਕੂਲ ਹੁੰਦੀ ਹੈ ਇਸ ਲਈ ਇਹ ਲੋਕ ਦਰਸ਼ਕਾਂ ਦੀ ਅੰਤਰ ਆਤਮਾ ਨਾਲ ਇਕਮਿਕ ਹੋ ਜਾਂਦਾ ਹੈ। ਲੋਕ ਨਾਟਕਾਂ ਵਿਚ ਸੰਗੀਤ ਤੇ ਨਾਚ ਦੀ ਵਰਤੋਂ ਇਸ ਨੂੰ ਚਾਰ-ਚੰਨ ਲਾ ਦੇਂਦੀ ਹੈ। ਲੋਕ ਨਾਟਕ ਬੜੇ ਸਹਿਜ ਤੇ ਸੁਭਾਵਕ ਢੰਗ ਨਾਲ ਪੇਸ਼ ਹੁੰਦਾ ਹੈ। ਲੋਕ ਭਾਸ਼ਾ, ਸੰਵਾਦ, ਪਾਤਰਾਂ ਦੀਆਂ ਮੁਦ੍ਰਾਵਾਂ, ਲੋਕ ਗਾਇਕ ਤੇ ਲੋਕ ਧੁਨਾਂ ਸਭ ਮਿਲ ਕੇ ਦਰਸ਼ਕਾਂ ਦਾ ਮਨ ਮੋਹ ਲੈਂਦੀਆਂ ਹਨ।

**ਧਾਰਮਿਕ ਨਾਟਕ** : ਇਨ੍ਹਾਂ ਵਿਚ ਰਾਮ ਲੀਲਾ ਤੇ ਹੋਰ ਨਾਟਕ ਆ ਜਾਂਦੇ ਹਨ।

**ਇਤਿਹਾਸਕ ਨਾਟਕ** : ਕਿਸੇ ਰਾਜਾ, ਮਹਾਰਾਜਾ ਜਾਂ ਕਿਸੇ ਨਾਲ ਸੰਬੰਧਿਤ ਨਾਟਕ ਜਿਵੇਂ ਸਿਕੰਦਰ, ਪੋਰਸ ਆਦਿ।

**ਨ੍ਰਿਤ ਪ੍ਰਧਾਨ ਨਾਟਕ** : ਜਿਵੇਂ ਰਾਸ ਲੀਲਾ ਆਦਿ।

**ਪ੍ਰੇਮ ਪ੍ਰਧਾਨ ਨਾਟਕ** : ਜਿਵੇਂ ਨੌਟੰਕੀ ਆਦਿ।

**ਹਾਸ ਪ੍ਰਧਾਨ ਨਾਟਕ** : ਪੰਜਾਬੀ ਵਿਚ ਭੰਡ, ਮਿਰਾਸੀ ਆਦਿ ਦੀਆਂ ਨਕਲਾਂ ਤੇ ਸਵਾਂਗ ਇਸ ਦੇ ਪ੍ਰਸਿੱਧ ਰੂਪ ਹਨ।

ਲੋਕ ਨਾਟਕ ਦੀਆਂ ਵਿਸ਼ੇਸ਼ਤਾਵਾਂ ਇਸ ਪ੍ਰਕਾਰ ਹਨ :

1 **ਕਥਾਨਕ** : ਕਥਾਨਕ ਦੀ ਦ੍ਰਿਸ਼ਟੀ ਤੋਂ ਇਨ੍ਹਾਂ ਅੰਦਰ ਲੋਕ ਜੀਵਨ ਵਿਚ ਪ੍ਰਚਲਿਤ ਘਟਨਾਵਾਂ ਹੀ ਲਈਆਂ ਜਾਂਦੀਆਂ ਹਨ,ਜਿਨ੍ਹਾਂ ਵਿਚ ਇਤਿਹਾਸਕ, ਸਮਾਜਕ, ਧਾਰਮਕ ਮਾਨਤਾਵਾਂ ਨੂੰ ਪ੍ਰਧਾਨਤਾ ਦਿੱਤੀ ਜਾਂਦੀ ਹੈ। ਕਹਾਣੀ ਵਿਚ ਕਿਤੇ ਤੇਜ਼ੀ ਆਉਂਦੀ ਹੈ ਅਤੇ ਵਾਸਤਵਿਕਤਾ ਤੇ ਕਲਪਨਾ ਦਾ ਮਿਸ਼੍ਰਣ ਰਹਿੰਦਾ ਹੈ।

2 **ਪਾਤਰ** : ਲੋਕ ਨਾਟਕਾਂ ਵਿਚ ਪੁਰਸ਼ ਪਾਤਰ ਹੀ ਸਾਰਾ ਕੰਮ ਕਰਦੇ ਹਨ। ਇਸਤਰੀ ਪਾਤਰ ਵੀ ਪੁਰਸ਼ ਹੀ ਬਣਦੇ ਹਨ। ਇਸਦੇ ਪਾਤਰ ਆਪਣੇ ਸਮਾਜ ਤੇ ਵਾਤਾਵਰਣ ਦੇ ਪ੍ਰਤਿਨਿਧ ਹੁੰਦੇ ਹਨ। ਇਨ੍ਹਾਂ ਦਾ ਉਦੇਸ਼ ਏਨਾ ਅਭਿਨੇ ਕਰਨਾ ਨਹੀਂ ਹੁੰਦਾ ਜਿੰਨਾ ਮਨੋਰੰਜਨ ਕਰਨਾ। ਇਹ ਪਾਤਰ ਆਮ ਜਾਣੇ ਪਛਾਣੇ ਹੁੰਦੇ ਹਨ ਜਿਵੇਂ ਮਖੀਚੂਸ ਬਾਣੀਆ ਬਾਂਕਾ ਜੁਆਨ, ਕੁਲਟਾ ਔਰਤ, ਸ਼ਰਾਬੀ ਪਤੀ, ਪਾਖੰਡੀ ਸਾਧੂ।

3 **ਨਾਚ ਤੇ ਸੰਗੀਤ** : ਇਹ ਦੋਵੇਂ ਲੋਕ ਨਾਟਕਾਂ ਦਾ ਸੁਭਾਵਕ ਅੰਗ ਹਨ। ਇਸ ਵਿਚ ਨਾਚ ਤੇ ਸੰਗੀਤ ਨੂੰ ਚੋਖੀ ਪ੍ਰਮੁਖਤਾ ਹਾਸਲ ਹੈ।

4 **ਵਾਰਤਾਲਾਪ** : ਲੋਕ ਨਾਟਕਾਂ ਦੇ ਸੰਵਾਦ ਬਹੁਤ ਛੋਟੇ ਤੇ ਸਰਲ ਹੁੰਦੇ ਹਨ। ਇਸਦੀ ਵਾਰਤਾਲਾਪ ਕਵਿਤਾ ਵਿਚ ਹੁੰਦੀ ਹੈ ਤੇ ਸੰਗੀਤਕ ਸਾਜ਼ ਵਜਦੇ ਰਹਿੰਦੇ ਹਨ। ਵਿਚ-ਵਿਚ ਲੋੜ ਅਨੁਸਾਰ ਕਾਵਿਮਈ ਵਾਰਤਾਲਾਪ ਵੀ ਆ ਜਾਂਦੀ ਹੈ।

5 **ਬੋਲੀ** : ਲੋਕ ਨਾਟਕਾਂ ਦੀ ਭਾਸ਼ਾ ਬੜੀ ਸਰਲ ਤੇ ਸਿੱਧੀ-ਸਾਦੀ ਲੋਕ ਬੋਲੀ ਹੁੰਦੀ ਹੈ। ਲੋਕ ਨਾਟਕਾਂ ਦੀ ਭਾਸ਼ਾ ਕਾਵਿਮਈ ਹੁੰਦੀ ਹੈ, ਜਿਸ ਵਿਚ ਸਥਾਨਕ ਰੰਗ ਵੀ ਮੌਜੂਦ ਹੁੰਦਾ ਹੈ।

6 **ਰੰਗਮੰਚ** : ਲੋਕ ਨਾਟਕਾਂ ਦਾ ਮਹੱਤਵਪੂਰਣ ਅੰਗ, ਲੋਕ ਰੰਗਮੰਚ ਹੈ। ਇਹ ਆਮ ਤੌਰ ਤੇ ਖੁੱਲ੍ਹੇ ਪੰਡਾਲ ਵਿਚ ਆਮ ਜਿਹੀ ਸਟੇਜ ਬਣਾ ਕੇ ਖੇਡਿਆ ਜਾਂਦਾ ਹੈ। ਬਾਰ-ਬਾਰ ਪਰਦਾ ਨਹੀਂ ਡਿੱਗਦਾ ਤੇ ਦਰਸ਼ਕ ਰੰਗਮੰਚ ਵੱਲੋਂ ਬੇਖ਼ਬਰ ਨਾਟਕ ਦੇਖਣ ਵਿਚ ਲੀਨ ਰਹਿੰਦੇ ਹਨ।



2 ਲੋਕਯਾਨ ਅਤੇ ਮੱਧਕਾਲੀਨ ਪੰਜਾਬੀ ਸਾਹਿੱਤ, ਸਫ਼ਾ 321।

7 **ਸੁਭਾਵਕਤਾ** : ਸਹਿਜਤਾ ਤੇ ਸਰਲਤਾ, ਲੋਕ ਨਾਟਕਾਂ ਦਾ ਸਭ ਤੋਂ ਵੱਡਾ ਗੁਣ ਹੈ, ਜਿਸ ਵਿੱਚ ਲੋਕ ਰੁਚੀ ਦੀ ਪ੍ਰਮੁੱਖਤਾ ਹੁੰਦੀ ਹੈ। ਇਨ੍ਹਾਂ ਵਿੱਚ ਰੂਪ ਤੇ ਸ਼ੈਲੀ ਜਾਂ ਹੋਰ ਕਿਸੇ ਚੀਜ਼ ਦਾ ਵਾਧੂ ਦਾ ਉਚੇਚ ਨਹੀਂ ਮਿਲਦਾ।

8 **ਚਰਿਤ੍ਰ ਚਿਤ੍ਰਣ** : ਲੋਕ ਨਾਟਕਾਂ ਵਿਚ ਚਰਿਤ੍ਰ ਚਿਤ੍ਰਣ ਬੜਾ ਸੁਭਾਵਕ ਹੁੰਦਾ ਹੈ। ਪਾਤਰਾਂ ਦੇ ਬੋਲਾਂ ਤੋਂ ਹੀ ਉਨ੍ਹਾਂ ਬਾਰੇ ਪਤਾ ਲਗਦਾ ਹੈ। ਇਸ ਤੋਂ ਅਲਾਵਾ ਉਹ ਕਈ ਤਰ੍ਹਾਂ ਦੇ ਹਾਵ-ਭਾਵ ਦੇ ਮੁਦ੍ਰਾਵਾਂ ਵੀ ਵਰਤਦੇ ਹਨ।

**ਪੰਜਵਾਂ ਅਭਿਆਸ**

**ਨੋਟ**: ਹੇਠਾਂ ਦੋ ਸਵਾਲ ਦਿੱਤੇ ਹੋਏ ਹਨ। ਹਰ ਸਵਾਲ ਦੇ ਥੱਲੇ ਤਿੰਨ-ਤਿੰਨ ਜਵਾਬ ਵੀ ਦਿੱਤੇ ਹੋਏ ਹਨ। ਤੁਸੀਂ ਕੇਵਲ ਠੀਕ ਜਵਾਬ ਉੱਤੇ ✓ ਦਾ ਨਿਸ਼ਾਨ ਲਾਉਣਾ ਹੈ। ਜਵਾਬ ਅਖੀਰ ਵਿਚ ਵੀ ਦਿੱਤੇ ਹੋਏ ਹਨ ਪਰ ਤੁਸੀਂ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਨਹੀਂ ਵੇਖਣਾ।

1 ਲੋਕ ਨਾਟਕ ਦਾ ਸੰਬੰਧ ਕਿਸ ਨਾਲ ਹੈ?
ੳ) ਲੋਕ ਸਾਹਿਤ ਅਤੇ ਲੋਕ ਕਲਾ ਨਾਲ
ਅ) ਲੋਕ ਗੀਤ ਅਤੇ ਲੋਕ ਸੰਗੀਤ ਨਾਲ
ੲ) ਲੋਕ ਗਾਥਾ ਅਤੇ ਲੋਕ ਕਹਾਣੀ ਨਾਲ

2 ਰਾਸ ਲੀਲਾ ਕੀ ਹੈ?
ੳ) ਧਾਰਮਕ ਨਾਟਕ ਹੈ
ਅ) ਨ੍ਰਿਤ ਪ੍ਰਧਾਨ ਨਾਟਕ ਹੈ
ੲ) ਇਤਿਹਾਸਕ ਨਾਟਕ ਹੈ

## 8.7 ਅਖਾਣ (ਲੋਕੋਕਤੀ)

ਲੋਕ ਸਾਹਿਤ ਵਿਚ ਅਖਾਣਾਂ ਦਾ ਮਹੱਤਵਪੂਰਣ ਸਥਾਨ ਹੈ। ਇਨ੍ਹਾਂ ਨਾਲ ਕਥਨ ਵਿਚ ਤੀਬਰਤਾ ਤੇ ਪ੍ਰਭਾਵ ਆ ਜਾਂਦਾ ਹੈ। ਡਾ. ਸੁਰਿੰਦਰ ਸਿੰਘ ਬੇਦੀ ਅਨੁਸਾਰ ਅਖਾਣ ਨਿੱਤ ਦੀ ਬੋਲ ਚਾਲ ਵਿਚ ਵਰਤੀਦੇ ਪਰਵਾਨ ਹੋਏ ਉਹ ਕਥਨ ਹਨ, ਜਿਨ੍ਹਾਂ ਵਿਚ ਮਨੁੱਖੀ ਜੀਵਨ ਨਾਲ ਸੰਬੰਧਿਤ ਕੋਈ ਅਨੁਭਵ ਸੂਤ੍ਰਬੱਧ ਕਰਕੇ ਦਿਲਖਿਚਵੀ ਜਾਂ ਅਲੰਕਾਰਕ ਬੋਲੀ ਵਿਚ ਪੇਸ਼ ਕੀਤਾ ਹੁੰਦਾ ਹੈ।[3]

ਇਨ੍ਹਾਂ ਤੋਂ ਲੋਕ ਸਮੂਹ ਦੀ ਸੂਝ ਅਤੇ ਨਿਰੀਖਣ ਸ਼ਕਤੀ ਦਾ ਪਤਾ ਲਗਦਾ ਹੈ। ਇਹ ਮਨੁੱਖੀ ਸੁਭਾ ਤੇ ਵਿਹਾਰਕ ਗਿਆਨ ਦੇ ਸੂਚਕ ਕਥਨ ਹਨ। ਰੋਜ਼ਾਨਾ ਦੀਆਂ ਸਮੱਸਿਆਵਾਂ ਸੁਲਝਾਉਣ ਲਈ ਇਹ ਬੜੇ ਵਧੀਆ ਸਾਧਨ ਹਨ। ਬੜੇ ਬੜੇ ਵਿਦਵਾਨਾਂ ਨੇ ਇਨ੍ਹਾਂ ਤੋਂ ਹੀ ਗਿਆਨ ਹਾਸਲ ਕੀਤਾ ਸੀ ਕਿਉਂਕਿ ਇਹ ਮਨੁੱਖੀ ਗਿਆਨ ਨੂੰ ਸੂਤ੍ਰਾਤਮਕ ਰੂਪ ਵਿਚ ਪੇਸ਼ ਕਰਨ ਵਾਲੇ ਕਥਨ ਹਨ।

ਇਨ੍ਹਾਂ ਤੋਂ ਕਿਸੇ ਸਮਾਜ ਦੇ ਆਚਾਰ-ਵਿਹਾਰ, ਰੀਤੀ-ਰਿਵਾਜ ਧਾਰਮਕ ਤੇ ਨੈਤਿਕ ਸੰਬੰਧਾਂ ਦਾ ਵਿਵਰਣ ਮਿਲ ਸਕਦਾ ਹੈ। ਇਹ ਵਿਸ਼ਵ-ਵਿਆਪੀ ਅਤੇ ਸਰਬਕਾਲ ਸੁਭਾ ਵਾਲੀਆਂ ਉਕਤੀਆਂ ਹਨ। ਲੋਕ ਸਮੂਹ ਵਿਚ ਇਹ ਨੀਤੀ ਸ਼ਾਸਤਰ ਦਾ ਕੰਮ ਕਰਦੀਆਂ ਹਨ। ਇਸ ਲਈ ਇਹ ਸਮਾਜ ਦੀ ਅਜਿਹੀ ਮੁੱਲਵਾਨ ਸੰਪਤੀ ਹੈ ਜੋ ਉਸਦਾ ਪਥ-ਪ੍ਰਦਰਸ਼ਨ ਵੀ ਕਰਦੀ ਰਹਿੰਦੀ ਹੈ।

ਅਖਾਣਾਂ (ਲੋਕੋਕਤੀਆਂ) ਦਾ ਨਿਰਮਾਣ ਇਸ ਸਮਾਜ ਤੇ ਸੰਸਾਰ ਵਿਚੋਂ ਹੀ ਹੁੰਦਾ ਹੈ। ਇਨ੍ਹਾਂ ਦਾ ਜਨਮ ਜੀਵਨ ਦੀਆਂ ਵਾਸਤਵਿਕ ਘਟਨਾਵਾਂ ਅਤੇ ਮਨੁੱਖ ਦੀ ਨਿਰੀਖਣ ਸ਼ਕਤੀ ਨਾਲ ਸੰਬੰਧਿਤ ਹੈ। ਅਖਾਣ ਦਾ ਨਿਰਮਾਣ ਆਰੰਭ ਵਿਚ ਕਿਸੇ ਵਿਅਕਤੀ ਨੇ ਹੀ ਕੀਤਾ ਹੋਏਗਾ। ਪਰ ਉਹ ਏਨਾ ਲੋਕਪ੍ਰਿਯ ਹੋਇਆ ਕਿ ਵਿਅਕਤੀਗਤ ਉਕਤੀ, ਲੋਕ ਦੀ ਉਕਤੀ ਬਣ ਗਈ। ਲੋਕੋਕਤੀਆਂ ਦੇ ਨਿਰਮਾਤਾ ਨੇ ਰੋਜ਼ਾਨਾ ਦੇ ਅਨੁਭਵਾਂ ਨੂੰ ਰਸਮਈ ਤੇ ਸਾਰ ਭਰਪੂਰ ਅਭਿਵਿਅਕਤੀ ਦਿੱਤੀ ਤੇ ਉਨ੍ਹਾਂ ਦੀ ਸੰਖੇਪ ਤੇ ਲੈ-ਆਤਮਕ ਉਕਤੀ ਹੀ ਲੋਕੋਕਤੀ ਕਹਾਈ।

ਅਖਾਣਾਂ (ਲੋਕੋਕਤੀ) ਦੇ **ਲੱਛਣ** ਹਨ :

1 **ਸੰਖੇਪਤਾ** : ਸੰਖੇਪ ਆਕਾਰ ਅਖਾਣ ਦਾ ਜ਼ਰੂਰੀ ਗੁਣ ਹੈ। ਇਹ ਇੱਕ ਤਰ੍ਹਾਂ ਦੇ ਸੂਤਰ ਹੁੰਦੇ ਹਨ ਅਤੇ ਸਮਾਸ ਸ਼ੈਲੀ ਇਨ੍ਹਾਂ ਦੀ ਮੁੱਖ ਵਿਸ਼ੇਸ਼ਤਾ ਹੈ।

2 **ਲੈਅ** : ਇਨ੍ਹਾਂ ਵਿੱਚ ਲੈਅ ਦਾ ਜ਼ਰੂਰੀ ਸਥਾਨ ਹੈ। ਇਸੇ ਲਈ ਇਹ ਗਾਏ ਵੀ ਜਾਂਦੇ ਹਨ।

3 **ਅਨੁਪ੍ਰਾਸ** : ਅਨੁਪ੍ਰਾਸ ਆਉਣ ਨਾਲ ਇਨ੍ਹਾਂ ਦੀ ਭਾਸ਼ਾ ਸੰਗੀਤਮਈ ਰੂਪ ਧਾਰ ਜਾਂਦੀ ਹੈ।

4 **ਨਿਰੀਖਣ** : ਇਨ੍ਹਾਂ ਤੋਂ ਡੂੰਘੀ ਨਿਰੀਖਣ ਸ਼ਕਤੀ ਤੇ ਅਨੁਭਵ ਦੀ ਅਮੀਰੀ ਦਾ ਪਤਾ ਲਗਦਾ ਹੈ।

5 **ਪ੍ਰਭਾਵਸ਼ੀਲਤਾ** : ਇਹ ਬਹੁਤ ਪ੍ਰਭਾਵਸ਼ੀਲ ਹੁੰਦੇ ਹਨ।

6 **ਸਰਲ ਸ਼ੈਲੀ** : ਇਨ੍ਹਾਂ ਦਾ ਪ੍ਰਗਟਾਓ ਬਹੁਤ ਸਰਲ ਹੁੰਦਾ ਹੈ ਅਤੇ ਤੁਰੰਤ ਗ੍ਰਹਿਣ ਹੋ ਜਾਂਦਾ ਹੈ।

3 ਲੋਕ ਆਖਦੇ ਹਨ, ਸਫਾ 15।

ਸਾਨੂੰ ਵੱਖ ਵੱਖ ਪ੍ਰਕਾਰ ਦੇ ਅਖਾਣ ਮਿਲਦੇ ਹਨ। ਵਿਦਵਾਨਾਂ ਨੇ ਇਸੇ ਲਈ ਇਸਦੇ ਕਈ ਵਰਗ ਥਾਪੇ ਹਨ। ਏਥੇ ਅਸੀਂ ਉਦਾਹਰਣਾਂ ਦੇ ਸਕਦੇ ਹਾਂ। ਜਿਵੇਂ:

**ਧਾਰਮਕ** : ਕਰਤੂਤ ਪਸ਼ੂ ਕੀ ਮਾਨਸ ਜਾਤਿ। ਜੇਹਾ ਬੀਜੈ ਸੋ ਲੁਣੇ ਕਰਮਾ ਸੰਦੜਾ ਖੇਤ।

**ਨੈਤਿਕ** : ਨੇਕੀ ਕਰ ਦਰਿਆ ਵਿਚ ਸੁੱਟ : ਕਰ ਭਲਾ ਹੋ ਭਲਾ, ਅੰਤ ਭਲੇ ਦਾ ਭਲਾ : ਜੈਸੀ ਕਰਨੀ ਵੈਸੀ ਭਰਨੀ।

**ਸਮਾਜਿਕ** : ਡਾਢੇ ਦਾ ਸਤੀਂ ਵੀਹੀਂ ਸੌ ਆਦਿ।

**ਮਾਨਸਿਕ** : ਗਿੱਦੜ ਦਾਖ ਨਾ ਅਪੜੇ ਆਖੇ ਥੂ ਕਉੜੀ; ਨੱਚਣ ਲਗੀ ਤਾਂ ਘੁੰਡ ਕੇਹਾ ਆਦਿ।

**ਇਤਿਹਾਸਕ** : ਇੱਕ ਸਰਕਾਰ ਬਾਝੋਂ, ਅੰਨਾ ਰਾਜਾ ਬੇਦਾਦ ਨਗਰੀ ਆਦਿ।

## 8.8 ਮੁਹਾਵਰੇ

ਮੁਹਾਵਰਿਆਂ ਦੀ ਵਰਤੋਂ ਸਾਡੇ ਰੋਜ਼ਾਨਾ ਜੀਵਨ ਦਾ ਜ਼ਰੂਰੀ ਅੰਗ ਹੈ। ਇਸ ਵਿਚ ਬੜੇ ਸੰਜਮ ਨਾਲ ਅਰਥਾਂ ਨੂੰ ਪ੍ਰਗਟਾਇਆ ਜਾਂਦਾ ਹੈ। ਇਨ੍ਹਾਂ ਦੇ ਅਰਥਾਂ ਦਾ ਪਤਾ ਵਾਕ ਵਿਚ ਵਰਤੋਂ ਨਾਲ ਹੀ ਲਗਦਾ ਹੈ।

ਮਨੁੱਖ ਦੀ ਇਹ ਰੁਚੀ ਹੈ ਕਿ ਘੱਟ ਸ਼ਬਦਾਂ ਵਿਚ ਭਾਵਾਂ ਨੂੰ ਪ੍ਰਗਟ ਕੀਤਾ ਜਾਏ ਅਤੇ ਲੋੜੀਂਦਾ ਉਹਲਾ ਵੀ ਰੱਖਿਆ ਜਾਏ। ਮੁਹਾਵਰਿਆਂ ਦੀ ਵਰਤੋਂ ਹਾਸ-ਵਿਅੰਗ, ਚਮਤਕਾਰ, ਸਪੱਸ਼ਟਤਾ ਤੇ ਸਰਲਤਾ ਆਦਿ ਲਈ ਕੀਤੀ ਜਾਂਦੀ ਹੈ। ਮੁਹਾਵਰਿਆਂ ਵਿਚ ਲੋਕ ਸਭਿਆਚਾਰ ਤੇ ਲੋਕ ਅਨੁਭਵ ਦੀ ਡੂੰਘੀ ਝਲਕ ਦਿਖਾਈ ਦੇਂਦੀ ਹੈ। ਜਿਵੇਂ :

1 **ਸੰਸਕਾਰਾਂ ਤੇ ਰੀਤਾਂ ਨੂੰ ਪ੍ਰਗਟਾਉਣ ਵਾਲੇ** : ਜਨਮ ਤੋਂ ਲੈ ਕੇ ਮੌਤ ਤਕ ਦੇ ਸੰਸਕਾਰਾਂ ਬਾਰੇ ਕਈ ਮੁਹਾਵਰੇ ਪ੍ਰਚਲਿਤ ਹਨ। ਜਿਵੇਂ ਬਾਂਹ ਛਡਣਾ, ਸੁਹਾਗ ਉਤਾਰਨਾ, ਕਿਰਿਆ ਕਰਮ ਕਰਨਾ ਆਦਿ।

2 ਇਤਿਹਾਸਕ ਰੰਗ ਵਾਲੇ : ਮਿਸਾਲ ਵਜੋਂ ਗੱਦੀ ਸੰਭਾਲਣਾ, ਬੀੜਾ ਚੁੱਕਣਾ ਆਦਿ।

3 **ਪੌਰਾਣਿਕ ਰੰਗ ਵਾਲੇ** : ਕਈ ਮੁਹਾਵਰੇ ਪੌਰਾਣਿਕ ਵਿਸ਼ਵਾਸਾਂ ਵਾਲੇ ਹਨ। ਮਿਸਾਲ ਵਜੋਂ ਪਾਪ ਧੋਣਾ, ਮਾਇਆ ਰਚਨਾ, ਲਿਖਿਆ ਨਾ ਮਿਟਣਾ ਆਦਿ।

4 **ਨੈਤਿਕ ਰੰਗ ਵਾਲੇ** : ਮਿਸਾਲ ਵਜੋਂ, ਸ਼ਰਮ ਦਾ ਗਹਿਣਾ, ਲੂਣ ਹਰਾਮ ਕਰਨਾ, ਜਿੱਡਾ ਮੂੰਹ ਓਡੀ ਗੱਲ।

5 **ਸਗਨ ਅਪਸਗਨ ਵਾਲੇ** : ਜਿਵੇਂ ਨਜ਼ਰ ਲੱਗਣਾ, ਲੂਣ ਖਾਣਾ, ਗੰਗਾ ਨਹਾਉਣਾ

ਸਾਡੇ ਜੀਵਨ ਦਾ ਕੋਈ ਕੰਮ ਅਜਿਹਾ ਨਹੀਂ ਜਿਸ ਵਿਚ ਮੁਹਾਵਰਿਆਂ ਦੀ ਵਰਤੋਂ ਨਾ ਹੁੰਦੀ ਹੋਵੇ। ਮੁਹਾਵਰਿਆਂ ਵਿਚ ਸਾਨੂੰ ਲੋਕ ਜੀਵਨ ਦੀ ਤਸਵੀਰ ਮਿਲਦੀ ਹੈ। ਇਨ੍ਹਾਂ ਵਿਚ ਸਮਾਜਕ ਪਰੰਪਰਾਵਾਂ ਦਾ ਵਰਣਨ ਮਿਲਦਾ ਹੈ। ਇਸ ਤੋਂ ਅਲਾਵਾ ਇਸ ਤੋਂ ਆਰਥਕਤਾ ਤੇ ਇਤਿਹਾਸਕਤਾ ਦਾ ਵੀ ਪਤਾ ਲਗ ਜਾਂਦਾ ਹੈ।

## 8.9 ਬੁਝਾਰਤਾਂ

ਬੁਝਾਰਤਾਂ ਪਾਉਣ ਦਾ ਰਿਵਾਜ ਬਹੁਤ ਪੁਰਾਣਾ ਹੈ। ਇਹ ਲੋਕ ਸਾਹਿਤ ਦਾ ਬੜਾ ਸੁਆਦਲਾ ਤੇ ਦਿਮਾਗ ਨੂੰ ਟੁੰਬਣ ਵਾਲਾ ਰੂਪ ਹੈ। ਇਹ ਕਿਸੇ ਲੁਕੀ ਹੋਈ ਗੱਲ, ਸੰਕੇਤ ਜਾਂ ਇਸ਼ਾਰੇ ਨੂੰ ਬੁੱਝ ਲੈਣ ਦਾ ਰੂਪ ਹੈ। ਇਹ ਕਿਸੇ ਦੀ ਤੇਜ਼ ਬੁੱਧੀ ਨੂੰ ਪਰਖਦੀਆਂ ਹਨ ਅਤੇ ਸੋਚਣ ਤੇ ਮਜਬੂਰ ਕਰਦੀਆਂ ਹਨ।

ਮਨੁੱਖ ਆਪਣੇ ਮਨੋਰੰਜਣ ਲਈ ਕਈ ਵੇਰ ਆਪਣੇ ਕਥਨ ਨੂੰ ਰਹੱਸਮਈ ਤੇ ਪ੍ਰਸ਼ਨ ਰੂਪ ਵਿਚ ਕਹਿੰਦਾ ਹੈ ਤੇ ਉਸਦਾ ਉੱਤਰ ਕਿਸੇ ਹੋਰ ਤੋਂ ਪੁੱਛਦਾ ਹੈ, ਇਸ ਰੁਚੀ ਵਿਚੋਂ ਬੁਝਾਰਤ ਰੂਪ ਪੈਦਾ ਹੋਇਆ। ਪ੍ਰਸ਼ਨ ਜਾਂ ਗੁੰਝਲ ਵਿਚ ਹੀ ਇਸਦਾ ਸਾਰਾ ਭੇਤ ਲੁਕਿਆ ਹੋਇਆ ਹੈ। ਬੁਝਾਰਤ ਵਿਚ ਸ਼ਬਦਾਂ ਅਤੇ ਬਿੰਬਾਂ ਰਾਹੀਂ ਇਕ ਚਿਤਰ ਸਿਰਜਿਆ ਹੁੰਦਾ ਹੈ, ਜੋ ਪੜ੍ਹਨ ਵਾਲੇ ਨੂੰ ਟੁੰਬਦਾ ਹੈ, ਪਰ ਉਹ ਅਸਲੀ ਨਹੀਂ ਹੁੰਦਾ। ਅਸਲੀ ਚਿਤਰ ਨਜ਼ਰ ਆਉਣ ਵਾਲੀ ਗੱਲ ਦੇ ਮਗਰ ਲੁਕਿਆ ਹੁੰਦਾ ਹੈ। ਇਸ ਲੁਕੀ ਹੋਈ ਗੱਲ ਨੂੰ ਲਭਣਾ ਹੀ ਬੁਝਾਰਤ ਹੈ। ਮਿਸਾਲ ਵਜੋਂ :

ਲਮ ਸਲੰਮਾ ਗਭਰੂ  
ਦਾੜ੍ਹੀ ਗਿੱਟਿਆਂ ਤੇ।[4] (ਗੰਨਾ)

ਲੋਕ ਜੀਵਨ ਨਾਲ ਸੰਬੰਧ ਰੱਖਣ ਵਾਲੀਆਂ ਵਸਤਾਂ ਬਾਰੇ ਬੁਝਾਰਤਾਂ ਮਿਲਦੀਆਂ ਹਨ। ਜਿਵੇਂ:
**ਕਿਰਸਾਨੀ ਜੀਵਨ ਬਾਰੇ** : ਉੱਚੇ ਟਿੱਬੇ ਮਾਸੀ ਵਸੇ, ਮੈਂ ਜਾਵਾਂ ਤਾਂ ਖਿੜ-ਖਿੜ ਹੱਸੇ (ਕਪਾਹ)

**ਘਰੇਲੂ ਵਸਤਾਂ ਬਾਰੇ** : ਤੂੰ ਚਲ ਮੈਂ ਆਇਆ। (ਬੂਹਾ)

4 ਕਵਲਜੀਤ ਕੌਰ ਗ੍ਰੇਵਰ, ਲੋਕਯਾਨ ਦਰਪਣ ਸਫ਼ਾ 51

**ਕੁਦਰਤ ਬਾਰੇ** : ਨੀਲੀ ਟਾਕੀ ਚਾਵਲ ਬੱਧੇ, ਦਿਨੇ ਗਵਾਚੇ ਰਾਤੀਂ ਲੱਭੇ (ਤਾਰੇ)

**ਮਨੁੱਖੀ ਸ਼ਰੀਰ ਬਾਰੇ** : ਇੱਕ ਡੱਬੇ ਵਿੱਚ ਬੱਤੀ ਦਾਣੇ, ਬੁੱਝਣ ਵਾਲੇ ਬੜੇ ਸਿਆਣੇ (ਦੰਦ)

**ਖਾਣ-ਪੀਣ ਸੰਬੰਧੀ** : ਕਟੋਰੇ ਵਿਚ ਕਟੋਰਾ, ਪੁਤਰ ਪਿਓ ਤੋਂ ਗੋਰਾ (ਨਾਰੀਅਲ)

ਪੰਜਾਬੀਆਂ ਦਾ ਜੀਵਨ ਤੇ ਲੋਕ ਸਭਿਆਚਾਰ ਬੁਝਾਰਤਾਂ ਵਿਚ ਪੂਰੀ ਤਰ੍ਹਾਂ ਪ੍ਰਤਿਬਿੰਬਤ ਹੋਇਆ ਹੈ।

**ਛੋਟਾਂ ਅਭਿਆਸ**

**ਨੋਟ**: ਹੇਠਾਂ ਤਿੰਨ ਸਵਾਲ ਦਿੱਤੇ ਹੋਏ ਹਨ। ਹਰ ਸਵਾਲ ਦੇ ਥੱਲੇ ਤਿੰਨ-ਤਿੰਨ ਜਵਾਬ ਵੀ ਦਿੱਤੇ ਹੋਏ ਹਨ। ਤੁਸੀ ਕੇਵਲ ਠੀਕ ਜਵਾਬ ਉਤੇ ਹੀ ✓ ਦਾ ਨਿਸ਼ਾਨ ਲਾਉਣਾ ਹੈ। ਜਵਾਬ ਅਖੀਰ ਵਿਚ ਵੀ ਦਿੱਤੇ ਹੋਏ ਹਨ ਪਰ ਤੁਸੀ ਜਵਾਬ ਲਿਖਣ ਤੋਂ ਪਹਿਲਾਂ ਉਨ੍ਹਾਂ ਨੂੰ ਵੇਖਣਾ ਨਹੀਂ।

1 'ਨੱਚਣ ਲੱਗੀ ਤਾਂ ਘੁੰਘਟ ਕੇਹਾ' ਕੀ ਹੈ ?
   ੳ) ਅਖਾਣ ਹੈ
   ਅ) ਮੁਹਾਵਰਾ ਹੈ
   ੲ) ਬੁਝਾਰਤ ਹੈ

2 'ਉੱਚੇ ਟਿੱਬੇ ਮਾਸੀ ਵਸੇ'
   ੳ) ਕਿਰਸਾਨੀ ਜੀਵਨ ਬਾਰੇ
   ਅ) ਖਾਣ-ਪੀਣ ਬਾਰੇ
   ੲ) ਘਰੇਲੂ ਵਸਤਾਂ ਬਾਰੇ

3 'ਬੀੜਾ ਚੁੱਕਣਾ' ਮੁਹਾਵਰਾ ਕਿਹੜਾ ਹੈ ?
   ੳ) ਇਤਿਹਾਸਕ ਰੰਗ ਵਾਲਾ।
   ਅ) ਨੈਤਿਕ ਰੰਗ ਵਾਲਾ।
   ੲ) ਸਗਨ-ਅਪਸਗਨ ਵਾਲਾ।

## 8.10 ਸਾਰ

ਇਸ ਪਾਠ ਵਿਚ ਤੁਸਾਂ ਇਹ ਦੇਖਿਆ ਹੈ ਕਿ ਲੋਕ ਸਾਹਿਤ ਜਨ-ਸਮੂਹ ਦੀ ਰਚਨਾ ਹੈ, ਜੋ ਜ਼ਬਾਨੀ ਰੂਪ ਵਿਚ ਚਲੀ ਆਉਂਦੀ ਹੈ. ਇਸ ਵਿਚ ਸਾਡੇ ਮੁਢਲੇ ਜੀਵਨ ਦੇ ਸਭਿਆਚਾਰ ਦੀ ਤਸਵੀਰ ਝਲਕਦੀ ਹੈ। ਬੀਤ ਚੁਕੇ ਬਾਰੇ ਸਾਨੂੰ ਇਸ ਤੋਂ ਜੋ ਪਤਾ ਲਗਦਾ ਹੈ ਉਹ ਹਰੇਕ ਲਈ ਬੜੀ ਖਿੱਚ ਦਾ ਕਾਰਣ ਹੁੰਦਾ ਹੈ। ਇਸ ਅਮੀਰ ਪਰੰਪਰਾ ਦੇ ਖੇਤਰ ਵਿਚ ਜਨਮ ਤੋਂ ਲੈ ਕੇ ਮੌਤ ਤਕ ਦਾ ਸਾਰਾ ਮਨੁੱਖੀ ਜੀਵਨ ਤੇ ਵਾਤਾਵਰਣ ਆ ਜਾਂਦਾ ਹੈ। ਲੋਕ ਸਾਹਿਤ ਦੇ ਕਈ ਰੂਪ ਮਿਲਦੇ ਹਨ ਜਿਨ੍ਹਾਂ ਵਿਚੋਂ ਤੁਸਾਂ ਲੋਕ ਗੀਤ, ਲੋਕ ਗਾਥਾ, ਲੋਕ ਕਹਾਣੀ, ਲੋਕ ਨਾਟਕ, ਲੋਕ ਅਖਾਣ, ਮੁਹਾਵਰੇ ਤੇ ਬੁਝਾਰਤਾਂ ਦੇ ਵੱਖ ਵੱਖ ਰੂਪਾਂ ਬਾਰੇ ਪੜ੍ਹਿਆ ਹੈ ਅਤੇ ਇਨ੍ਹਾਂ ਦੀਆਂ ਵਿਸ਼ੇਸ਼ਤਾਵਾਂ ਦੀ ਜਾਣਕਾਰੀ ਹਾਸਲ ਕੀਤੀ ਹੈ। ਸਾਡਾ ਜੀਵਨ ਅਤੇ ਖਾਸ ਤੌਰ ਤੇ ਲੋਕ ਜੀਵਨ, ਲੋਕ ਸਾਹਿਤ ਦੇ ਪ੍ਰਭਾਵ ਤੋਂ ਖ਼ਾਲੀ ਨਹੀਂ ਰਹਿ ਸਕਦਾ। ਇਸੇ ਲਈ ਇਹ ਕਿਹਾ ਜਾਂਦਾ ਹੈ ਕਿ ਲੋਕ ਸਾਹਿਤ ਪਰੰਪਰਾਗਤ ਲੋਕ ਜੀਵਨ ਦਾ ਵਡਮੁਲਾ ਖਜ਼ਾਨਾ ਹੈ।

## 8.11 ਸਹਾਇਕ ਪੁਸਤਕਾਂ


**ਪੰਜਾਬੀ :**

ਸੋਹਿੰਦਰ ਸਿੰਘ ਬੇਦੀ, **ਪੰਜਾਬ ਦੀ ਲੋਕ ਧਾਰਾ**, ਨੈਸ਼ਨਲ ਬੁਕ ਟਰੱਸਟ, ਇੰਡਿਆ, ਨਵੀਂ ਦਿੱਲੀ, ਦਸੰਬਰ 1973

ਕਰਨੈਲ ਸਿੰਘ ਥਿੰਦ, **ਲੋਕਯਾਨ ਅਤੇ ਮਧਕਾਲੀਨ ਪੰਜਾਬੀ ਸਾਹਿਤ**, ਜੀਵਨ ਮੰਦਰ ਪ੍ਰਕਾਸ਼ਕ, ਅਮ੍ਰਿਤਸਰ, ਸਤੰਬਰ 1973

ਕੰਵਲਜੀਤ ਕੌਰ ਗ੍ਰੇਵਰ, **ਲੋਕਯਾਨ ਦਰਪਣ**, ਨਾਨਕ ਸਿੰਘ ਪੁਸਤਕਾਲਾ, ਅੰਮ੍ਰਿਤਸਰ, 1986

**ਹਿੰਦੀ :**

ਸਤਯੇਂਦ੍ਰ, **ਲੋਕ ਸਾਹਿਤਕ ਵਿਗਿਆਨ**, ਸ਼ਿਵਲਾਲ ਅਗ੍ਰਵਾਲ ਐਂਡ ਕੰ. (ਪ੍ਰਾ:) ਲਿਮਿਟਡ, ਦਿੱਲੀ, 1962

## 8.12 ਅਭਿਆਸਾਂ ਦੇ ਉੱਤਰ

**ਪਹਿਲਾ ਅਭਿਆਸ**

1 ਲੋਕ-ਸਾਹਿੱਤ ਅਸੀਂ ਉਸ ਨੂੰ ਕਹਿੰਦੇ ਹਾਂ ਜੋ ਸਾਨੂੰ ਵਿਰਸੇ ਦੇ ਰੂਪ ਵਿਚ ਲੋਕਾਂ ਦੁਆਰਾ ਪੀੜ੍ਹੀ-ਦਰ-ਪੀੜ੍ਹੀ ਪ੍ਰਾਪਤ ਹੁੰਦਾ ਹੈ। ਲੋਕ-ਸਾਹਿੱਤ ਦੇ ਕੁੱਝ ਜ਼ਰੂਰੀ ਲੱਛਣ ਇਹ ਹਨ ਕਿ ਉਹ ਮੌਖਿਕ ਪਰੰਪਰਾ ਰਾਹੀਂ ਸਾਡੇ ਤਕ ਪਹੁੰਚਦਾ ਹੈ। ਇਸ ਦੇ ਲੇਖਕਾਂ ਦਿਆਂ ਨਾਵਾਂ ਦਾ ਕੋਈ ਥਹੁ-ਪਤਾ ਨਹੀਂ ਹੁੰਦਾ ਤੇ ਇਹ ਸੁਭਾਵਿਕ ਤੇ ਸਰਲ ਹੁੰਦਾ ਹੈ। ਇਸ ਵਿਚ ਲੋਕ-ਸਭਿਆਚਾਰ, ਲੋਕ-ਬੋਲੀ ਵਿਚ ਪੇਸ਼ ਹੋਇਆ ਹੁੰਦਾ ਹੈ।

2 ਹਰ ਕਥਨ ਵਿੱਚ ਉਸ ਦੇ ਰਚਣਹਾਰ ਦੇ ਚਰਿੱਤਰ ਦਾ ਪ੍ਰਗਟਾ ਹੋਣਾ ਜ਼ਰੂਰੀ ਹੈ। ਲੋਕ-ਸਾਹਿੱਤ ਸਰਲ ਤੇ ਸੁਭਾਵਿਕ ਹੁੰਦਾ ਹੈ।

3 ਲੋਕ ਬੋਲੀ, ਲੋਕਾਂ ਦੀ ਰੋਜ਼ਾਨਾ ਬੋਲ-ਚਾਲ ਦੀ ਭਾਸ਼ਾ ਹੈ, ਜਿਸ ਵਿਚ ਅਨੇਕਾਂ ਜਾਤੀਆ ਕਬੀਲੇ ਆਦਿ ਆਪਣੀਆਂ ਜੀਵਨ ਸ਼ੈਲੀਆਂ ਨੂੰ ਸਰਲ ਭਾਸ਼ਾ ਵਿਚ ਪੇਸ਼ ਕਰਦੇ ਹਨ।

4 ਲੋਕ-ਸਾਹਿਤ ਸਾਨੂੰ ਲੋਕ ਗੀਤਾਂ, ਲੋਕ ਗਾਥਾਵਾ, ਲੋਕ ਕਹਾਣੀਆਂ, ਲੋਕ-ਨਾਟਕਾਂ, ਅਖਾਣਾਂ, ਮੁਹਾਵਰਿਆਂ ਆਦਿ ਨਾਲ ਸੰਬੰਧਿਤ ਹੁੰਦੇ ਹਨ।

**ਦੂਜਾ ਅਭਿਆਸ**

1 ਲੋਕ ਗੀਤ ਸਾਝੇ ਸੰਸਕਾਰਾਂ, ਰੁੱਤਾਂ, ਮੇਲਿਆਂ, ਤਿਉਹਾਰਾਂ ਤੇ ਭਾਵਾਂ ਆਦਿ ਨਾਲ ਸੰਬੰਧਿਤ ਹੁੰਦੇ ਹਨ।
2 ਲੋਹੜੀ ਮੰਗਣ ਨਾਲ ਸੰਬੰਧਿਤ ਹੋਣ ਕਾਰਨ ਇਹ ਮਨੁੱਖੀ ਭਾਵਾਂ ਦਾ ਗੀਤ ਹੈ।
3 ਲੋਕ ਗੀਤਾਂ ਵਿੱਚ ਲੋਕ-ਮਾਨਸ ਦਾ ਲੈ ਆਤਮਕ ਪ੍ਰਗਟਾਵਾ ਹੁੰਦਾ ਹੈ। ਲੋਕਾਂ ਦੀਆਂ ਇਛਾਵਾਂ ਨੂੰ ਪੇਸ਼ ਕਰਨ ਸਦਕੇ ਲੋਕ-ਗੀਤ ਜੀਵਨ ਦਾ ਪ੍ਰਤਿਬਿੰਬ ਪੇਸ਼ ਕਰਦਾ ਹੈ।

**ਤੀਜਾ ਅਭਿਆਸ**

1) ੳ
2) ਅ
3) ਅ

**ਚੌਥਾ ਅਭਿਆਸ**

1) ਅ
2) ਅ

**ਪੰਜਵਾਂ ਅਭਿਆਸ**

1) ੳ
2) ਅ

**ਛੇਵਾਂ ਅਭਿਆਸ**

1) ੳ
2) ੳ
3) ੳ